
੩੩ਵਾਂ ਸਾਲ

ਵਰਿਆਮ

ਜਨਵਰੀ ੨੦੦੮



ਨਾਮਧਾਰੀ ਇਤਿਹਾਸ ਦੇ ਖੂਨੀ ਪੱਤਰੇ, ੧੭-੧੮ ਜਨਵਰੀ ੧੮੭੨ ਲੇਖ ਪੰਨਾ ੧੧ 'ਤੇ

ਸੰਤ ਤਰਸੇਮ ਸਿੰਘ ਦੀ ਯਾਦ ਵਿੱਚ



ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਪੁਸਤਕਾਂ ਦਾ ਸੈਟ ਭੇਟ ਕਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ। ਨਾਲ ਹਨ ਵਰਿਆਮ ਸੰਪਾਦਕ ਅਤੇ ਸੰਤ ਤਰਸੇਮ ਸਿੰਘ ਜੀ।



੨੯ ਨਵੰਬਰ ੨੦੦੭ ਸ੍ਰੀ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਸਮਾਗਮ ਦੀ ਝਲਕ

ਖੱਬੇ ਤੋਂ ਸੱਜੇ- ਸੁਖਦੇਵ ਸਿੰਘ ਸੰਧੂ, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਚਮਨ ਹਰਗੋਬਿੰਦਪੁਰੀ, ਪ੍ਰੋ,. ਅਮਰਜੀਤ ਸਿੰਘ ਕਾਂਗ, ਕਾ. ਸੁਵਰਨ ਸਿੰਘ ਵਿਰਕ, ਪ੍ਰਿ. ਬੂਟਾ ਸਿੰਘ ਹੇਠ ਨਿਰਮਲ ਸਿੰਘ ਧਾਲੀਵਾਲ ਵਿਚਕਾਰ- ਸਕੂਲ ਕਾਲਜ ਵਿਦਿਆਰਥੀ ਅਤੇ ਸਰੋਤਾਗਣ ਹੇਠਾਂ ਪਾਤਰ ਜੀ ਦਾ ਸਨਮਾਣ- ਵੇਰਵਾ ਪੰਨਾ ੪੧ 'ਤੇ

ਵਰਿਆਮ

ਜਨਵਰੀ-੨੦੦੮
ਜਿਲਦ-੩੩
ਅੰਕ- ੩

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-:੦੧੮੧- ੨੨੨੨੫੪੩
ਘਰ : ੦੧੮੧-੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. :0181-2222543 (O)
0181-2456289 (R)

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਲੱਗੀਆਂ ਵਾਲੇ ਜਾਣਦੇ

ਦਸੰਬਰ-ਜਨਵਰੀ-ਫਰਵਰੀ ਦੇ ਮਹੀਨੇ ਜਿਥੇ ਕੜਾਕੇ ਦੀ ਸਰਦੀ ਕਰ ਕੇ ਮਸ਼ਹੂਰ ਹਨ ਉਥੇ ਸਿੱਖ ਇਤਿਹਾਸ ਵਿਚ ਖੂਨੀ ਸਾਕਿਆਂ ਦੀਆਂ ਯਾਦਾਂ ਨਾਲ ਵੀ ਭਰਪੂਰ ਹਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਨੂੰ ਛਡਣਾ, ਸਰਸਾ ਨਦੀ ਤੇ ਠੰਡ ਅਤੇ ਹਨੇਰੀ ਰਾਤ ਵੇਲੇ ਵਰਤੇ ਭਾਣੇ, ਚਮਕੌਰ ਵਿਚ ਵੱਡੇ ਸਾਹਿਬ ਜ਼ਾਦਿਆਂ ਸਮੇਤ ਸਿੰਘਾਂ ਦੀ ਸ਼ਹੀਦੀ, ਸਰਹੰਦ ਦੀ ਖੂਨੀ ਕੰਧ ਵਿਚ ਛੋਟੀਆਂ ਜਿੰਦਾਂ ਦੇ ਵੱਡੇ ਸਾਕੇ, ਇਹਨਾਂ ਦਿਨਾਂ ਵਿਚ ਹੀ ਹੋਏ। ਮਾਛੀਵਾੜੇ ਦੇ ਜੰਗਲਾਂ ਵਿਚ ਨੰਗੇ ਪੈਰੀਂ ਹਿੰਦ ਦਾ ਪੀਰ ਇਹਨਾਂ ਰਾਤਾਂ ਨੂੰ ਹੀ ਚਲਿਆ ਅਤੇ ਮੁਕਤਸਰ ਵਿਚ ਚਾਲੀ ਮੁਕਤਿਆਂ ਦੀ ਮੁਕਤੀ ਵੀ ਇਹਨਾਂ ਦਿਨਾਂ ਵਿਚ ਹੋਈ।

ਸ਼ਇਦ ਏਸ ਮੌਸਮ ਦਾ ਸ਼ਹਾਦਤ ਅਤੇ ਇਤਿਹਾਸ ਨਾਲ ਖਾਸ ਹੀ ਸਬੰਧ ਰਿਹਾ ਹੈ। ਇਸੇ ਰੁੱਤ ਦੇ ਆਰ ਪਾਰ ਇਤਿਹਾਸਕ ਨਾਮਧਾਰੀ ਸੰਘਰਸ਼ ਦੀਆਂ ਯਾਦਾਂ ਜੁੜੀਆਂ ਪਈਆਂ ਹਨ। ਮਲੇਰਕੋਟਲੇ ਦਾ ਭਿਅੰਕਰ ਸਾਕਾ ੧੭-੧੮ ਜਨਵਰੀ ੧੮੭੨ ਅਤੇ ਨਾਮਧਾਰੀ ਅੰਦੋਲਨ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਗਵਨ ਦੀ ੧੭-੧੮ ਜਨਵਰੀ ਦੀ ਵਿਚਕਾਰਲੀ ਰਾਤ ਇਸੇ ਜਨਵਰੀ (ਪੋਹ-ਮਾਘ) ਦੇ ਦਿਨਾਂ ਵਿਚ ਆਉਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਬਸੰਤ ਦੇ ਦਿਹਾੜੇ ਅਤੇ ਸਤਿਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਇਸੇ ਰੁੱਤ ਵਿਚ ਆਉਂਦੀ ਹੈ। ਭਾਵ ਕਿ ਸਿਆਲ ਦੀ ਰੁੱਤ ਸਾਡੇ ਪੁਰਖਿਆਂ ਦੇ ਲਹੂ ਭਿੱਜੇ ਇਤਿਹਾਸ ਦੀ ਯਾਦ ਵਿਚ ਲੰਘਦੀ ਹੈ।

ਅੱਜ ਕੱਲ ਦੇਸ਼ ਵਿਚ, ਖਾਸ ਕਰ ਕੇ ਪੰਜਾਬ ਵਿਚ ਨਾਮਧਾਰੀ ਕੂਕਾ ਅੰਦੋਲਨ ਦੀ ਡੇਢ ਸ਼ਤਾਬਦੀ ਚਲ ਰਹੀ ਹੈ। ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੀ ਸਰਕਾਰ ਨੇ ਵਿਸ਼ੇਸ਼ ਕਰ ਕੇ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਜ਼ਾਤੀ ਦਿਲਚਸਪੀ ਨਾਲ ਇਸ ਅਵਸਰ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਦੇ ਐਲਾਨ ਵੀ ਕੀਤੇ ਹਨ ਅਤੇ ਅਮਲ ਵਿਚ ਵੀ ਉਪਰਾਲੇ ਕੀਤੇ ਹਨ।

ਅਸੀਂ ਇਸ ਸ਼ਤਾਬਦੀ ਨੂੰ ਮਨਾਉਣ ਵਾਸਤੇ ਆਪਣੇ ਪੱਧਰ ਤੇ ਹੀ ਜਤਨ ਆਰੰਭ ਕੀਤੇ ਹੋਏ ਹਨ। ਨਾਮਧਾਰੀ ਸਮਾਜ ਦਾ ਸ਼ਾਨਦਾਰ ਕੁਰਬਾਨੀਆਂ ਭਰਿਆ ਇਤਿਹਾਸ ਅਗੇ ਲਗ ਭਗ ੧੭-੧੮ ਜਨਵਰੀ ੧੮੭੨ ਤੱਕ ਮੁਕ ਜਾਂਦਾ ਸੀ। ਇਸ ਤੋਂ ਬਾਦ ਦਾ ਇਤਿਹਾਸ ਸਰਕਾਰ ਦੀਆਂ ਗੁਪਤ ਫਾਈਲਾਂ ਵਿਚ ਬੰਦ ਪਿਆ ਸੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਸੀ। ਇਸ ਵੱਲ ਖੋਜ ਦਾ ਕੰਮ ਭਾਰਤ ਦੀ ਆਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ। ਸੁਰਗਵਾਸੀ ਸ. ਨਾਹਰ ਸਿੰਘ ਐਮ. ਏ. ਹੋਰਾਂ ਦੇ ਉਦਮ ਨਾਲ ਇਹਨਾਂ ਖੁਫੀਆਂ ਕਾਗਜ਼ਾਂ ਨੂੰ ਪ੍ਰਕਾਸ਼ਮਾਨ ਕਰ ਕੇ ਪੁਸਤਕਾਂ ਦਾ ਰੂਪ ਦਿੱਤਾ ਗਿਆ। ਇਸ ਪਾਸੇ ਹੋਰ ਵਿਦਵਾਨਾਂ ਦਾ ਵੀ ਧਿਆਨ ਗਿਆ ਅਤੇ ਅੰਗਰੇਜ਼ੀ ਵਿਚ ਇਕ ਦੋ ਪੁਸਤਕਾਂ ਵੀ ਪ੍ਰਕਾਸ਼ਤ ਹੋਈਆਂ। ਨਿਰਸੰਦੇਹ ਪੰਜਾਬੀ ਵਿਚ ਵੀ ਪ੍ਰਕਾਸ਼ਨਾਵਾਂ ਆਈਆਂ ਹਨ ਅਤੇ ਨਾਮਧਾਰੀ ਦਰਬਾਰ ਨੇ ਵੀ ਬਹੁਤ ਸ਼ਲਾਘਾ ਯੋਗ ਕੰਮ ਕੀਤਾ। ਇਹ ਸਾਰਾ ਕੁਝ ਹੋਣ ਦੇ ਬਾਵਜੂਦ ਵੀ ਬਹੁਤ ਕੁਝ ਕਰਨ ਵਾਲਾ ਪਿਆ ਹੈ ਅਤੇ ਵਿਸ਼ੇਸ਼ ਕਰ ਕੇ ਪੰਜਾਬੀ ਪਾਠਕਾਂ ਦੀ ਨਜ਼ਰੀ ਪੈਣ ਵਾਲਾ ਹੈ। ਬਹੁਤ ਸਾਰੀਆਂ ਇਤਿਹਾਸਕ ਜਾਣਕਾਰੀਆਂ, ਬਾਰੀਕੀਆਂ ਅਤੇ ਨੁਕਤੇ ਹਨ ਜੋ ਆਮ ਪਾਠਕ ਦੇ ਨਜ਼ਰੀਂ ਨਹੀਂ ਪਏ। ਇਹ ਪਹਾੜ ਜਿੱਡਾ ਉਦਮ ਸੀ ਜੋ ਕਰਨਾ ਲੋੜੀਦਾ ਸੀ।

ਅਸੀਂ ਵਰਿਆਮ ਰਾਹੀਂ ਇਸ ਮਹਾਨ ਕਾਰਜ ਵਿਚ ਆਪਣਾ ਤੁੱਛ ਜਿਹਾ ਹਿੱਸਾ ਪਾਉਣ ਦਾ ਫੈਸਲਾ ਲਿਆ ਹੋਇਆ ਹੈ। ਭਾਵ ਇਸ ਯਾਦਗਾਰੀ ਕਾਰਜ ਵਿਚ ਤਿਲ ਫੁਲ ਜਿਉਂ ਭੇਟ ਕਰਨ ਦਾ ਮਨ ਬਣਾਇਆ ਹੈ। ਜਿਹੜੇ ਸੂਰਬੀਰ ਆਪਣੇ ਸਿਰਾਂ ਤੇ ਕਫਨ ਬੰਨ੍ਹ ਕੇ ਵਦੇਸ਼ਾਂ ਵਿਚ ਆਪਣੇ ਮਹਿਬੂਬ ਗੁਰੂ ਦੀ ਝਲਕ ਮਾਤਰ ਵੇਖਣ ਲਈ ਰੁਲਦੇ ਰਹੇ ਸਮੁੰਦਰ ਚੀਰ ਕੇ ਪੁਜਦੇ ਰਹੇ ਉਹਨਾਂ ਦੀ ਯਾਦ ਵਿਚ ਸਿਰ ਨਿਵਾਉਣ ਵਾਸਤੇ ਕੁਝ ਸ਼ਬਦ ਹੀ ਤਾਂ ਲਿਖਣੇ ਲਿਖਵਾਉਣੇ ਸਨ। ਇਸ ਕਾਰਜ ਵਾਸਤੇ ਹਥ ਵਟਾਉਣ ਲਈ ਸਾਡੇ ਨਿਰਸੁਆਰਥ ਮਿੱਤਰ ਸਾਹਮਣੇ ਆਏ ਹਨ। ਖਾਸ ਕਰਕੇ ਕਾਮਰੇਡ

ਸਵਰਨ ਸਿੰਘ ਵਿਰਕ ਹੋਰਾਂ ਸਿਰ ਧੜ ਦੀ ਬਾਜ਼ੀ ਲਾਈ ਹੋਈ ਹੈ। ਉਹ ਇਤਿਹਾਸ ਦੇ ਗਹਿਰੇ ਸਮੁੰਦਰ ਵਿਚੋਂ ਲਭ-ਲਭ ਕੇ ਨਾਯਾਬ ਹੀਰੇ ਮੋਤੀ ਲਿਆ ਕੇ ਪਾਠਕਾਂ ਸਾਹਮਣੇ ਪ੍ਰਸਤੁਤ ਕਰ ਰਹੇ ਹਨ। ਇਸ ਅੰਕ ਵਿਚ ਛਪ ਰਿਹਾ ਉਹਨਾਂ ਦਾ ਲੇਖ ਜਨਵਰੀ ਫਰਵਰੀ ਅੰਕਾਂ ਦਾ ਹਿੱਸਾ ਬਣ ਰਿਹਾ ਹੈ। ਜੇ ਗਹੁ ਨਾਲ ਵੇਖੀਏ ਤਾਂ ਸ਼ਤਾਬਦੀ ਵਿਚ ਵਰਿਆਮ ਨੇ ਪੂਰਨ ਨਿਸ਼ਠਾ ਨਾਲ ਹਿੱਸਾ ਪਾਇਆ ਹੈ।

ਅਮ੍ਰਿਤਸਰ, ਰਾਏ ਕੋਟ, ਜਾਂ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਦੇ ਦਿਵਸ ਅਤੇ ਬਸੰਤ ਪੰਚਮੀ ਦੇ ਮੇਲੇ ਥੋਹੜੇ ਬਹੁਤ ਫਰਕ ਨਾਲ ਇੱਕ ਪਰਸੰਗ ਦੀ ਯਾਦ ਦਵਾਉਂਦੇ ਹਨ।

ਪਰਸੰਗ ਜਿਸ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਹਨ। ਉਹਨਾਂ ਦੀ ਮਹਾਨ ਘਾਲਣਾ ਅਤੇ ਸਿੱਖਿਆ ਦਾ ਜ਼ਿਕਰ ਅਨੇਕਾਂ ਜਥੇਦਾਰ, ਕੀਰਤਨੀਏ, ਪਰਚਾਰਕ, ਕਵੀ, ਗਾਇਕ ਅਤੇ ਲੇਖਕ ਆਪਣੇ-ਆਪਣੇ ਢੰਗ ਨਾਲ ਕਰਦੇ ਹਨ। ਸੋ ਕਾਮਰੇਡ ਸੁਵਰਨ ਸਿੰਘ ਵਿਰਕ ਜੀ ਦਾ ਲੇਖ ਵੀ ਇਹ ਗਾਥਾ ਵਿਸਥਾਰ ਦੇ ਨਾਲ ਸਨਮੁੱਖ ਲਿਆਉਂਦਾ ਹੈ। ਇਸ ਵਾਸਤੇ ਜਨਵਰੀ ਅਤੇ ਫਰਵਰੀ ਦੋਹਾਂ ਮਹੀਨਿਆਂ ਵਿਚ ਅਸੀਂ ਉਸੇ ਚੀਨੀ ਵਾਲੇ ਪਾਤਸ਼ਾਹ ਦੇ ਰੰਗ ਵਿਚ ਰੰਗੇ ਰਹਾਂਗੇ। ਕੁਝ ਹੋਰ ਰਚਨਾਵਾਂ ਵੀ ਇਸ ਪਾਸੇ ਨੂੰ ਸੇਧਿਤ ਹਨ।

ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸ਼ਹੀਦ ਸਿੰਘਾਂ ਦੇ ਪਰਸੰਗ ਹਮੇਸ਼ਾ ਦਿਲਾਂ ਨੂੰ ਧੂਹ ਪਾਉਂਦੇ ਰਹੇ ਹਨ। ਇਹ ਬਿਰਹੋਂ ਦੀ ਸ਼ਿਦਤ ਨਾਲ ਭਰਪੂਰ ਗੱਲਾਂ ਹਨ। ਇਹ ਰਾਮ ਵਿਯੋਗੀਆਂ ਦੀਆਂ ਬਾਤਾਂ ਹਨ। ਬੜਾ ਲੰਮਾ ਸਮਾਂ, ਜ਼ੁਲਮ ਦੀ ਕਾਲੀ ਬੋਲੀ ਰਾਤ ਨੂੰ ਨਾਮਧਾਰੀਆਂ ਨੇ ਭੋਗਿਆ ਹੈ। ਜਦੋਂ ਬਦੇਸ਼ੀ ਲੋਕਾਂ ਦੀ ਸਰਕਾਰ ਅਤੇ ਆਪਣੇ ਦੇਸ ਦੇ ਆਪਣੇ ਧਰਮ ਦੇ ਲੋਕ ਘਿਓ ਖਿਚੜੀ ਹੋ ਕੇ ਨਾਮਧਾਰੀਆਂ ਤੇ ਜ਼ੁਲਮ ਤੇ ਵਧੀਕੀਆਂ ਕਰਦੇ ਰਹੇ ਉਸ ਵੇਲੇ ਵੀ ਨਾਮਧਾਰੀ ਕੂਕੇ ਲੋਕ ਸਾਬਤ ਕਦਮ ਰਹੇ। ਨਾ ਲਾਲਚ ਨਾ ਡਰਾਵਾ ਇਹਨਾਂ ਦੇ ਕਦਮਾਂ ਨੂੰ ਡਗਮਗਾ ਸਕਿਆ। ਇਹ ਔਖੀਆਂ ਘੜੀਆਂ ਵਿਚ ਗੌਂਦੇ ਰਹੇ "ਏਥੋਂ ਚੁੱਕ ਲੈ ਫਰੰਗੀਆਂ ਡੇਰਾ" ਜਾਂ ਜਦੋਂ ਬਿਰਹਾ ਦਾ ਸਿਖਰ ਹੋਣਾ ਤਾਂ ਇਹ ਗਾਉਣਾ 'ਲਗੀਆਂ ਵਾਲੇ ਜਾਣਦੇ ਬੇਦਰਦਾਂ ਨੂੰ ਕੀਹ'। ਅਸੀਂ ਆਪ ਦੇਖਿਆ ਸੁਣਿਆ ਹੈ ਕਿ ਜਦੋਂ ਵਜਦ ਵਿਚ ਆਣ ਕੇ ਸਵਰਗੀ ਜਥੇਦਾਰ ਸੰਤ ਅਤਰ ਸਿੰਘ ਇਹ ਧਾਰਨ ਪੜ੍ਹਦੇ ਤਾਂ ਕੋਈ ਅੱਖ ਨਹੀਂ ਸੀ ਬਚਦੀ ਜੋ ਨਮ ਨਾ ਹੋ ਜਾਂਦੀ। ਸਰੀਰ ਪਿਘੱਲ ਜਾਂਦਾ। ਅਠਾਂ ਪਹਿਰਾਂ ਵਿਚ ਘੱਟੋ ਘੱਟ ਇਕ ਵਾਰ ਇਹ 'ਭਾਣੇ ਦੇ ਬਚਨ' ਜ਼ਰੂਰ ਨਾਮਧਾਰੀ ਸਿੰਘ ਕਰਦੇ। ਇਹ ਬਚਨ ਇਹ ਬ੍ਰਿਹਾ ਦੇ ਗੀਤ, ਇਹ ਪਰਦੇਸੀ ਪ੍ਰੀਤਮ ਦੀ ਯਾਦ, ਇਹ ਸ਼ਹੀਦਾਂ ਦੇ ਦ੍ਰਿਸ਼ ਓਹਨਾਂ ਦੇ ਮਨਾਂ ਨੂੰ ਧੋ ਛਡਦੇ, ਹੌਲੇ ਫੁਲ ਹੋ ਕੇ, ਨਿਰਮਲ ਚਿੱਤ ਹੋ ਕੇ ਮੁੜ ਆਪਣੇ ਕੰਮ ਧੰਦਿਆਂ ਸੱਚੀ ਸੁੱਚੀ ਕਿਰਤ ਵਿਚ ਜੁੱਟ ਜਾਂਦੇ।

ਵੱਡੇ-ਵੱਡੇ ਸਮਾਗਮ, ਤਕਰੀਰਾਂ, ਪ੍ਰੋਗਰਾਮਾਂ, ਲਿਖਤਾਂ ਅਤੇ ਪਰਸੰਗ ਚਿਤਰਾਂ ਦਾ ਇਹ ਹੀ ਮੰਤਵ ਹੁੰਦਾ ਹੈ ਕਿ ਅਸੀਂ ਆਪਣੇ ਇਤਿਹਾਸ ਆਪਣੇ ਸੂਰਮਿਆਂ, ਗੁਰੂਆਂ ਸ਼ਹੀਦਾਂ ਦੀ ਯਾਦ ਨੂੰ ਮੁੜ ਸਾਕਾਰ ਕਰੀਏ, ਰੂਪਮਾਨ ਕਰੀਏ ਅਤੇ ਉਹਨਾਂ ਦੀ ਮਹਾਨ ਘਾਲਨਾ ਦੀ ਸੇਧ ਵਿਚ ਆਪਣਾ ਜੀਵਨ ਢਾਲੀਏ, ਆਪਣਾ ਆਚਰਨ ਉਸਾਰੀਏ ਤਾ ਕਿ ਦੂਸਰੇ ਪਾਸੇ ਵੱਲ ਸਾਡਾ ਧਿਆਨ ਹੀ ਨਾ ਜਾਵੇ। ਇਤਿਹਾਸ ਬਹੁਤ ਵੱਡਾ ਹੈ। ਸਾਰਾ ਕੁਝ ਇਕ ਸਮੇਂ ਲਿਖਿਆ ਪੜ੍ਹਿਆ ਸੁਣਿਆ ਨਹੀਂ ਜਾ ਸਕਦਾ। ਹਾਂ ਇਤਿਹਾਸ ਦੀ ਸੇਧ ਵਿਚ ਆਪਣੇ ਵਡੇਰਿਆ ਦੀਆਂ ਪੈੜਾਂ ਉਪਰ ਤੁਰਿਆ ਜਾ ਸਕਦਾ ਹੈ। ਉਸ ਵਲ ਸੰਕੇਤ ਕੀਤਾ ਜਾਂ ਸਕਦਾ। ਆਪਣੀ ਮੰਜ਼ਿਲ ਵੱਲ ਧਿਆਨ ਕੀਤਾ ਜਾ ਸਕਦਾ ਹੈ ਉਸ ਉੱਤੇ ਚਲਣਾ ਤਾਂ ਨਿਤ ਦਾ ਕਰਮ ਹੈ।

ਇਸੇ ਸੇਧ ਵੱਲ ਇਹਨਾਂ ਪੈੜਾਂ ਵੱਲ ਧਿਆਨ ਦੁਆਉਣਾ ਹੀ ਸਾਡਾ ਮੰਤਵ ਹੈ। ਥੋਹੜਾ ਸਹੀ ਬਹੁਤ ਸਹੀ, ਨਗੂਣਾ ਜਾਂ ਸਾਰਥਕ ਜਤਨ ਕਿੰਨਾ ਸਫ਼ਲ ਜਾਂ ਅਸਫ਼ਲ ਇਹ ਫੈਸਲਾ ਭਵਿਖ ਦੇ ਹੱਥ ਵਿਚ ਹੈ। ਅਸੀਂ ਆਪਣੇ ਮਨੋਂ ਆਪਣੇ ਸੁਨਹਿਰੀ ਲਹੂ ਭਿੱਜੇ ਅਤੇ ਬਿਰਹੋਂ ਭਰਪੂਰ ਇਤਿਹਾਸ ਨੂੰ ਪਾਠਕਾਂ ਦੇ ਸਾਹਮਣੇ ਰੱਖਦੇ ਰਹਾਂਗੇ। ਵਰਿਆਮ ਦਾ ਇੰਨਾ ਕੁ ਯੋਗਦਾਨ ਪਰਵਾਨ ਕਰਨਾ।

— ਜਗਦੀਸ਼ ਸਿੰਘ ਵਰਿਆਮ

ਸੰਤ ਤਰਸੇਮ ਸਿੰਘ ਨੂੰ ਯਾਦ ਕਰਦਿਆਂ

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਹਜ਼ੂਰੀ ਸੇਵਕ-ਨਿਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਇਕ ਸੰਖੇਪ ਪਰ ਦੀਰਘ ਬੀਮਾਰੀ ਬਾਦ ੨੦ ਦਸੰਬਰ ੨੦੦੭ ਵੀਰਵਾਰ ਨੂੰ ਆਪਣੀ ਸੰਸਾਰ ਯਾਤਰਾ ੫੯ ਸਾਲ ਦੀ ਉਮਰ ਵਿਚ ਹੀ ਸੰਪੂਰਨ ਕਰ ਗਏ ਹਨ। ਇਸ ਸਮੇਂ ਆਪ ਕੈਨੇਡਾ ਵਿਚ ਨਿਵਾਸ ਕਰ ਰਹੇ ਸਨ ਪਰ ਉਹ ਪਿਛਲੇ ਕੁਝ ਦਿਨਾਂ ਤੋਂ ਭਾਰਤ, ਪੰਜਾਬ ਆਏ ਹੋਏ ਸਨ। ਲੁਧਿਆਣੇ ਵਿਚ ਆਪਣੇ ਨਿਵਾਸ ਅਸਥਾਨ ਤੇ ਰਹਿੰਦੇ ਅਤੇ ਸ੍ਰੀ ਭੈਣੀ ਸਾਹਿਬ ਜਾ ਕੇ ਆਪਣੇ ਇਸ਼ਟ ਦੇਵ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਦੇ ਅਤੇ ਅਮ੍ਰਿਤ ਬਚਨ ਸਰਵਨ ਕਰਦੇ। ਅੰਤਲੇ ਦਿਨਾਂ ਦੀ ਬੀਮਾਰੀ ਸਮੇਂ ਸਤਿਗੁਰੂ ਜੀ ਆਪ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਚ ਜਾ ਕੇ ਆਪਣੇ ਸੇਵਕ ਨੂੰ ਦਰਸ਼ਨ ਦੇ ਕੇ ਨਿਵਾਜਦੇ ਰਹੇ।

ਸੰਤ ਤਰਸੇਮ ਸਿੰਘ ਜੀ ਦਾ ਪਿੰਡ ਜਲੰਧਰ ਜ਼ਿਲ੍ਹੇ ਦਾ ਮਸ਼ਹੂਰ ਨਗਰ ਪਾਸਲਾ ਸੀ ਜਿਥੋਂ ਦੇ ਮਸ਼ਹੂਰ ਲੀਡਰ ਕਾਮਰੇਡ ਮੰਗਤ ਰਾਮ ਪਾਸਲਾ ਮਾਰਕਸੀ ਕਮਿਊਨਿਸਟ ਪਾਰਟੀ ਪੰਜਾਬ ਦੇ ਪ੍ਰਸਿੱਧ ਨੇਤਾ ਹਨ। ਸੰਤ ਤਰਸੇਮ ਸਿੰਘ ਅਤੇ ਕਾਮਰੇਡ ਪਾਸਲਾ ਹਮ ਜਮਾਤੀ ਵੀ ਰਹੇ ਹਨ ਅਤੇ ਬਾਦ ਵਿੱਚ ਆਪੋ ਆਪਣੇ ਖੇਤਰ ਵਿਚ ਉਚ ਪਦਵੀਆਂ ਤੇ ਵੀ ਪਹੁੰਚੇ।

ਸੰਤ ਤਰਸੇਮ ਸਿੰਘ ਨਾਮਧਾਰੀ ਆਦਰਸ਼ਾਂ ਨੂੰ ਸਦਾ ਸਮਰਪਿਤ ਰਹੇ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸੰਪੂਰਨ ਆਸਥਾ ਰੱਖਦੇ ਰਹੇ ਹਨ। ਸਤਿਗੁਰੂ ਜੀ ਨੇ ਵੀ ਸੰਤ ਤਰਸੇਮ ਸਿੰਘ ਜੀ ਨੂੰ ਅਮਿਤਵਾਂ ਪਿਆਰ ਦਿੱਤਾ ਹੈ।

ਸਤਿਗੁਰੂ ਜੀ ਦੇ ਨਿੱਜੀ ਸਕੱਤਰ, ਨਿਜੀ ਸੇਵਕ ਹੋਣਾ ਬਹੁਤ ਭਾਰੀ ਜ਼ਿਮੇਵਾਰੀ ਅਤੇ ਮਹੱਤਵ ਦਾ ਕਾਰਜ ਹੈ। ਇੱਕ ਪਾਸੇ ਸਤਿਗੁਰੂ ਜੀ ਦੇ ਸੁਭਾਅ ਅਤੇ ਸੰਕੇਤ ਮਾਤਰ ਨੂੰ ਸਮਝਣਾ ਪ੍ਰੋਗਰਾਮ ਬਨਾਉਣੇ ਅਤੇ ਲਾਗੂ ਕਰਵਾਉਣੇ, ਦੂਜੇ ਪਾਸੇ ਲੱਖਾਂ ਲੋਕਾਂ ਨੂੰ ਮਿਲਣਾ, ਸਮਝਣਾ ਅਤੇ ਉਹਨਾਂ ਦੇ ਮਸਲਿਆਂ ਦਾ ਸਮਾਧਾਨ ਕਰਨਾ ਅਤੇ ਇਹਨਾਂ ਨੂੰ ਕੇਂਦਰ, ਸਤਿਗੁਰੂ ਸ਼ਖਸੀਅਤ ਨਾਲ ਪਿਆਰ ਪੂਰਬਕ ਜੋੜ ਕੇ ਰੱਖਣਾ ਇਹ ਕੋਈ ਸਾਧਾਰਨ ਗੱਲ ਨਹੀਂ। ਇਸ ਵਾਸਤੇ ਸਰੀਰ ਦਿਲ ਦਿਮਾਗ ਸਭ ਕੁਝ ਚੁਸਤ ਫੁਰਤ ਹੋਣਾ ਚਾਹੀਦਾ ਹੈ। ਵੇਲੇ ਕੁਵੇਲੇ ਹਰ ਵਕਤ ਹਾਜ਼ਰ ਰਹਿਣਾ ਹੁੰਦਾ ਹੈ ਅਤੇ ਨੀਂਦਰ ਆਲਸ ਦਾ ਪੱਕਾ ਤਿਆਗ ਕਰਨਾ ਪੈਂਦਾ ਹੈ ਅਤੇ ਸਫਰ ਕਰਨ ਦੀ ਭਾਰੀ ਸਮਰਥਾ ਚਾਹੀਦੀ ਹੈ। ਨਿਜੀ ਸੇਵਕ ਦੀ ਬੋਲ ਬਾਣੀ ਦਾ ਬੜਾ ਮਹੱਤਵ ਹੁੰਦਾ ਹੈ।

ਸੰਤ ਤਰਸੇਮ ਸਿੰਘ ਜੀ ਨੇ ਕੋਈ ਤਿੰਨ ਦਹਾਕੇ ਇਸ ਅਹਿਮ ਜ਼ਿਮੇਵਾਰੀ ਨੂੰ ਨਿਭਾਇਆ। ਉਹਨਾਂ ਕੋਲ ਭਾਵੇਂ ਵਕਤ ਨਹੀਂ ਸੀ ਪਰ ਲਿਖਣ ਪੜ੍ਹਣ ਵਿਚ ਉਹਨਾਂ ਦੀ ਰੁਚੀ ਸੀ ਅਤੇ ਲੇਖਕਾਂ ਕਲਾਕਾਰਾਂ ਪ੍ਰਤੀ ਵੀ ਉਹ ਹਮਦਰਦੀ ਰੱਖਦੇ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ, ਸ੍ਰੀ ਪ੍ਰੀਤਮ ਸਿੰਘ ਕਵੀ ਸਮੇਤ ਉਹ ਬਹੁਤ ਸਾਰੇ ਲੇਖਕਾਂ ਦਾ ਵਿਸ਼ੇਸ਼ ਸਨਮਾਨ ਪੂਰਬਕ ਧਿਆਨ ਰੱਖਦੇ। ਇਹਨਾਂ ਦੀਆਂ ਪੁਸਤਕਾਂ ਛਾਪਣ ਵਿਚ ਵੀ ਦਿਲਚਸਪੀ ਰੱਖਦੇ। ਕਵੀ ਜੀ ਦੀ ਮਹਾਨ ਰਚਨਾ "ਬੀਤੇ ਦੀਆਂ ਪੈੜਾਂ" ਨੂੰ ਸਿਲਸਲੇ ਵਾਰ ਪੁਸਤਕਾਂ ਦਾ ਜਾਮਾ ਪਹਿਨਾਉਣ ਵਿਚ ਓਹਨਾਂ ਦਾ ਵਿਸ਼ੇਸ਼ ਯੋਗਦਾਨ ਸੀ। ਉਹ ਬਾਰੀਕ ਪਾਂਡੂ ਲਿਪੀ ਨੂੰ ਘੋਖਦੇ ਅਤੇ ਠੀਕ ਸੁਝਾਓ ਦਿੰਦੇ। ਇਕ ਹੋਰ ਲੇਖਕ ਸੁਰਜੀਤ ਖੁਰਸ਼ੀਦੀ ਅੰਤਮ ਕਾਫੀ ਸਮਾ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੀ ਛੱਤਰ ਛਾਇਆ ਹੇਠ ਰਹੇ। ਸੰਤ ਤਰਸੇਮ ਸਿੰਘ ਹੋਰਾਂ ਉਹਨਾਂ ਨੂੰ ਬਹੁਤ ਧਿਆਨ ਅਤੇ ਆਦਰ ਨਾਲ ਸੰਭਾਲਿਆ।

ਜਦੋਂ ਅਖ਼ਬਾਰਾਂ ਵਿੱਚ ਇਹ ਖ਼ਬਰ ਛੱਪੀ ਕਿ ਪੰਜਾਬੀ ਦੇ ਪ੍ਰਸਿਧ ਲੇਖਕ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਬਹੁਤ ਬੀਮਾਰ ਹਨ ਤੇ ਉਹਨਾਂ ਵਾਸਤੇ ਸਰਕਾਰੀ ਮਦਦ ਦੀਆਂ ਅਪੀਲਾਂ ਵੀ ਛੱਪੀਆਂ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਗੈਰ ਸੂਚਨਾ ਜਾਂ ਬੇਨਤੀ ਦੇ ਸੇਖੋਂ ਸਾਹਿਬ ਨੂੰ ਤੁਰੰਤ ਰਾਸ਼ੀ ਭੇਜੀ। ਸੇਖੋਂ ਸਾਹਿਬ ਇਸ ਗੱਲ ਤੋਂ ਹੈਰਾਨ ਵੀ ਹੋਏ ਤੇ ਗੱਦ-ਗੱਦ ਵੀ। ਉਹ ਬੀਮਾਰੀ ਦੀ ਅਵੱਸਥਾ ਵਿਚ ਬਲੈਡਰ ਲੱਗੇ ਹੀ ਉਹ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦਾ ਧੰਨਵਾਦ ਕਰਨ ਆਏ। ਇਸ ਸਾਰੀ ਗੱਲ ਪਿੱਛੇ ਸੰਤ ਤਰਸੇਮ ਸਿੰਘ ਜੀ ਦੀ ਸੋਚ ਅਤੇ ਹੱਥ ਸੀ। ਹੋਰ ਬਹੁਤ ਸਾਰੀਆਂ ਸੰਸਥਾਵਾਂ ਹਨ ਵਿਅਕਤੀ ਹਨ ਜੋ ਆਪਣੀ ਕਹਾਣੀ ਬਿਆਨ ਕਰ ਸਕਦੇ ਹਨ।

ਸੰਤ ਤਰਸੇਮ ਸਿੰਘ ਜੀ ਦੇਹ ਦਾ ਸਸਕਾਰ ੨੦ ਦਸੰਬਰ ੨੦੦੭ ਨੂੰ ਹੀ ਸ੍ਰੀ ਭੈਣੀ ਸਾਹਿਬ ਦੇ ਨਵੀਨ ਸ਼ਮਸ਼ਾਨ ਘਾਟ ਵਿਚ ਆਸਥਾ ਪੂਰਵਕ ਕਰ ਦਿੱਤਾ ਗਿਆ। ਸਸਕਾਰ ਤੋਂ ਪਹਿਲਾਂ ਜਥੇਦਾਰ ਇਕਬਾਲ ਸਿੰਘ, ਜਥੇਦਾਰ ਸੁਦਰਸ਼ਨ ਸਿੰਘ, ਜਥੇਦਾਰ ਚੰਨਣ ਸਿੰਘ ਡੀ. ਐਸ. ਪੀ. ਅਤੇ ਹੋਰ ਜਥੇਦਾਰਾਂ ਨੇ ਕੀਰਤਨ ਕੀਤਾ ਸੂਬਾ ਬਲਵਿੰਦਰ ਸਿੰਘ ਝੱਲ ਹੋਰਾਂ ਅਰਦਾਸ ਕੀਤੀ ਅਤੇ ਸੰਤ ਤਰਸੇਮ ਸਿੰਘ ਜੀ ਦਾ ਸਰੀਰ ਅਗਨ ਭੇਟ ਕਰ ਦਿੱਤਾ ਗਿਆ। ਜਥੇਦਾਰ ਇਕਬਾਲ ਸਿੰਘ ਜੀ ਨੇ ਕੀਰਤਨ ਸੋਹਲੇ ਦਾ ਪਾਠ ਕੀਤਾ ਅਤੇ ਸੂਬਾ ਝੱਲ ਹੋਰਾਂ ਮੁੜ ਅਰਦਾਸ ਕੀਤੀ।

ਸਸਕਾਰ ਸਮੇਂ ਸਤਿਗੁਰੂ ਜੀ ਦੇ ਸ੍ਰੀ ਮਹਿਲ ਪੂਜ ਮਾਤਾ ਚੰਦ ਕੌਰ ਜੀ, ਸੰਤ ਜਗਤਾਰ ਸਿੰਘ ਜੀ, ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ, ਸੰਤ ਹਰਪਾਲ ਸਿੰਘ ਸੇਵਕ, ਸੰਤ ਅਵਤਾਰ ਸਿੰਘ ਜੀ ਮੁਹਾਲੀ, ਸੰਤ ਕਸ਼ਮੀਰ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਸੰਤ ਭਗਵੰਤ ਸਿੰਘ ਰੋਪੜ, ਸ. ਸਾਧੂ ਸਿੰਘ ਕਿਸਾਨ, ਸੰਤ ਗੁਰਮੁਖ ਸਿੰਘ ਸਾਬਕਾ ਹਜ਼ੂਰੀ ਸੇਵਕ, ਨਾਮਧਾਰੀ ਦਰਬਾਰ

ਅਤੇ ਨਾਮਧਾਰੀ ਵਿਦਿਅਕ ਜਥਿਆਂ ਦੇ ਸਾਬਕਾ ਅਤੇ ਵਰਤਮਾਨ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ। ਅਸੀਂ ਵੀ ਇਸ ਅਵਸਰ ਤੇ ਸ਼ਾਮਲ ਹੋ ਕੇ ਅੰਤਮ ਦਰਸ਼ਨ ਕਰ ਸਕੇ। ਸੰਤ ਤਰਸੇਮ ਸਿੰਘ ਜੀ ਦੇ ਕੈਨੇਡਾ ਤੋਂ ਆਏ ਸਪੁੱਤਰ ਗੁਰਬਖ਼ਸ਼ ਸਿੰਘ ਅਤੇ ਸਪੁੱਤਰੀ ਵੀ ਅਤੇ ਹੋਰ ਰਿਸ਼ਤੇਦਾਰ ਅਤੇ ਪਿੰਡ ਵਾਸੀ ਪੁੱਜੇ ਹੋਏ ਸਨ।

ਪ੍ਰਾਪਤ ਸੂਚਨਾ ਅਨੁਸਾਰ ਸੰਤ ਤਰਸੇਮ ਸਿੰਘ ਜੀ ਨਮਿਤ ਪਾਠ ਦਾ ਭੋਗ ਐਤਵਾਰ ੩੦ ਦਸੰਬਰ ੨੦੦੭ ਨੂੰ ਦੁਪਹਿਰ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ ਹਜ਼ੂਰੀ ਨਿਤਨੇਮ ਸਮੇਂ ਪਵੇਗਾ। ਕੀਰਤਨ ਵਾਲੇ ਸਿੰਘ ਸ਼ਬਦ ਪੜ੍ਹਦੇ ਸਨ 'ਸੇਵਕ ਦੀ ਓੜਕ ਨਿਭਹੀ ਪ੍ਰੀਤ'

ਕਬੀਰ ਸਾਹਿਬ ਨੇ ਕਿਹਾ ਹੈ ਕਿ ਮੈਨੂੰ ਮਰਨ ਦਾ ਚਾਅ ਹੈ ਜਦੋਂ ਮੈਂ ਮਰਾਂ ਤਾਂ ਹਰੀ ਦੇ ਦੁਆਰ ਮਰਾਂ।

ਸੰਤ ਤਰਸੇਮ ਸਿੰਘ ਇਹ ਗੱਲ ਸਾਕਾਰ ਕਰ ਗਏ ਹਨ।

ਅਸੀਂ ਵਿਛੁੜੇ ਮਿੱਤਰ ਨੂੰ ਭਰੇ ਮਨ ਨਾਲ ਸ਼ਰਧਾ ਸੁਮਨ ਭੇਟ ਕਰਦੇ ਹਾਂ।

—ਜਗਦੀਸ਼ ਸਿੰਘ ਵਰਿਆਮ

ਸੰਤ ਤਰਸੇਮ ਸਿੰਘ ਜੀ ਨਾਲ ਬਿਤਾਏ ਪੱਲ ਹਮੇਸ਼ਾ ਯਾਦ ਰਹਿਣਗੇ

ਕਾਮਰੇਡ ਮੰਗਤ ਰਾਮ ਪਾਸਲਾ

ਮੇਰੇ ਜੁਆਨੀ ਦੇ ਪਿਆਰੇ ਮਿੱਤਰ, ਅਤੀ ਸੰਵੇਦਨਸ਼ੀਲ ਹਿਰਦੇ ਵਾਲੇ ਇਨਸਾਨ ਅਤੇ ਮਿੱਠ ਬੋਲੜੇ ਸੱਜਣ, ਤਰਸੇਮ ਸਿੰਘ ਦੇ ਸਵਰਗਵਾਸ ਹੋ ਜਾਣ ਦੀ ਖਬਰ ਉੱਤੇ ਇੱਕ ਦਮ ਯਕੀਨ ਨਹੀਂ ਹੋਇਆ। ਪ੍ਰੰਤੂ ਜਦੋਂ ਸ. ਜਗਦੀਸ਼ ਸਿੰਘ ਵਰਿਆਮ ਜੀ ਕੋਲੋਂ ਇਸ ਬਾਰੇ ਸੁਣਿਆ, ਤਦ ਮਨ ਬਹੁਤ ਹੀ ਉਦਾਸ ਹੋ ਗਿਆ। ਮੇਰੇ ਵਾਸਤੇ ਸੰਤ ਤਰਸੇਮ ਸਿੰਘ ਜੀ ਦਾ ਇਸ ਸੰਸਾਰ ਤੋਂ ਤੁਰ ਜਾਣਾ ਬਹੁਤ ਹੀ ਦਰਦ ਭਰੀ, ਬੇਵਕਤ ਅਤੇ ਅਣਕਿਆਸੀ ਘਟਨਾ ਹੈ।

ਇਕੋ ਪਿੰਡ ਦੇ ਜਮਪਲ ਹੋਣ ਕਰਕੇ ਭਾਵੇਂ ਜਾਣ ਪਹਿਚਾਣ ਤਾਂ ਪਹਿਲਾਂ ਵੀ ਸੀ ਪ੍ਰੰਤੂ ਕਾਲਜ ਦੀ ਪੜ੍ਹਾਈ ਦੇ ਦਿਨਾਂ ਵਿਚ ਹੀ ਮੇਰੀ ਤਰਸੇਮ ਸਿੰਘ ਹੁਰਾਂ ਨਾਲ ਵਧੇਰੇ ਵਾਕਫੀਅਤ ਹੋਈ। ਇਹ ਵਾਕਫੀਅਤ ਹੌਲੀ ਹੌਲੀ ਨਿੱਘੀ ਦੋਸਤੀ ਵਿਚ ਬਦਲ ਗਈ। ਜਦੋਂ ਅਸੀਂ ਪਿੰਡ ਪਾਸਲੇ ਤੋਂ ਸਾਈਕਲਾਂ ਰਾਹੀਂ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਪੜ੍ਹਨ ਜਾਂਦੇ ਸਾਂ, ਉਦੋਂ ਦੇਸ਼ ਦੀ ਸਮਾਜਕ ਅਵਸਥਾ, ਲੋਕਾਂ ਦੀਆਂ ਤੰਗੀਆਂ-ਤੁਰਸ਼ੀਆਂ ਭਰੀ ਜ਼ਿੰਦਗੀ ਅਤੇ ਇਸ ਸਭ ਕੁਝ ਦੇ ਕਾਰਨਾਂ ਬਾਰੇ ਵਿਚਾਰ ਵਟਾਂਦਰੇ ਕਰਦੇ ਰਹਿੰਦੇ ਸਾਂ। ਤਰਸੇਮ ਸਿੰਘ ਵੀ ਇਕ ਸਧਾਰਨ ਕਿਸਾਨ ਪਰਿਵਾਰ ਵਿਚ ਜਨਮੇਂ ਸਨ ਅਤੇ ਮੈਂ ਵੀ ਆਰਥਕ ਪੱਖੋਂ ਇੱਕ ਬਹੁਤ ਹੀ ਪੱਛੜੇ ਪਰਿਵਾਰ ਨਾਲ ਸਬੰਧਤ ਸਾਂ। ਇਸ ਕਰਕੇ ਸਾਨੂੰ ਆਰਥਕ ਅਤੇ ਸਮਾਜਕ ਮੁਸ਼ਕਿਲਾਂ ਦਾ ਜ਼ਿਆਦਾ ਅਹਿਸਾਸ ਸੀ। ਸ਼ਾਇਦ ਇਹ ਹੀ ਕਾਰਨ ਸੀ ਕਿ ਸਮਾਜ ਵਿਚ ਹੋ ਰਹੇ ਅਨਿਆਂ ਵਿਰੁੱਧ ਜੂਝਣ ਲਈ ਮੈਂ ਅਗਾਂਹ ਵਧੂ ਰਾਜਨੀਤੀ ਵਿਚ ਪ੍ਰਵੇਸ਼ ਕਰ ਗਿਆ ਅਤੇ ਤਰਸੇਮ ਸਿੰਘ ਜੀ ਨੇ ਧਾਰਮਕ ਮਾਰਗ 'ਤੇ ਚੱਲ ਕੇ ਸੱਚ ਨੂੰ ਭਾਲਣ ਦਾ ਰਾਹ ਚੁਣਿਆ।

ਤਰਸੇਮ ਸਿੰਘ ਬਹੁਤ ਹੀ ਘਟ ਬੋਲਣ ਵਾਲਾ, ਸਾਊ, ਗੰਭੀਰ ਅਤੇ ਵਿਚਾਰਵਾਨ ਵਿਅਕਤੀ ਸੀ। ਮੈਂ ਕਦੇ ਵੀ ਉਸਨੂੰ ਗੁੱਸੇ ਵਿਚ ਉੱਚਾ ਬੋਲਦਾ ਨਹੀਂ ਸੀ ਸੁਣਿਆ। ਤਰਸੇਮ ਸਿੰਘ ਹੁਰਾਂ ਦੇ ਨਹਿਰ ਕੰਢੇ, ਖੇਤਾਂ ਵਿਚਲੇ ਮਕਾਨ ਵਿਚ ਬੈਠਕੇ ਉਸ ਨਾਲ ਘੰਟਿਆਂ ਬੱਧੀ ਗੱਲਾਂ ਕਰਦਿਆਂ ਕਦੀ ਮਨ ਨਹੀਂ ਸੀ ਅੱਕਦਾ।

ਇਹ ਜਾਣਦਿਆਂ ਵੀ ਕਿ ਮੈਂ ਕਮਿਊਨਿਸਟ ਵਿਚਾਰਧਾਰਾ ਦਾ ਇੱਕ ਪ੍ਰਤੀਬੱਧ ਧਾਰਨੀ ਹਾਂ, ਸੰਤ ਤਰਸੇਮ ਸਿੰਘ ਹੁਰਾਂ ਨੇ ਇੱਕ ਵਾਰੀ ਮੈਨੂੰ ਵੀ ਭੈਣੀ ਸਾਹਿਬ ਆਉਣ ਦਾ ਸੱਦਾ ਦਿੱਤਾ। ਤਦ ਮਨ ਨੂੰ ਬਹੁਤ ਖੁਸ਼ੀ ਹੋਈ। ਉੱਥੇ ਮੈਨੂੰ ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵੀ ਉਚੇਚੇ ਤੌਰ ਤੇ ਮਿਲਾਇਆ, ਜਿਸ ਲਈ ਮੈਂ ਸਦਾ ਉਹਨਾਂ ਦਾ ਰਿਣੀ ਰਹਾਂਗਾ। ਉਸਤੋਂ ਬਾਅਦ ਵੀ ਮੇਰੀਆਂ ਉਹਨਾਂ ਨਾਲ ਇਕ ਦੋ ਨਿੱਘੀਆਂ ਤੇ ਪ੍ਰਸਪਰ ਪਿਆਰ ਤੇ ਸਤਿਕਾਰ ਭਰੀਆਂ ਮੁਲਾਕਾਤਾਂ ਹੋਈਆਂ।

ਮੈਂ ਤਾਂ ਦੁਬਾਰਾ ਸੰਤ ਤਰਸੇਮ ਸਿੰਘ ਜੀ ਨੂੰ ਮਿਲਣ ਦੀ ਆਸ ਲਾਈ ਬੈਠਾ ਸਾਂ। ਪ੍ਰੰਤੂ ਹੁਣ ਉਹ ਵਾਪਸ ਨਾ ਮੁੜਨ ਵਾਲੇ ਪੰਧ ਉੱਤੇ ਪੁੱਜ ਗਏ ਹਨ। ਮੈਂ ਉਸ ਪਿਆਰੇ ਮਿੱਤਰ ਨੂੰ ਹਮੇਸ਼ਾਂ ਆਪਣੇ ਮਨ ਵਿਚ ਸਮਾਈ ਰੱਖਾਂਗਾ ਅਤੇ ਉਸਦੀਆਂ ਯਾਦਾਂ ਦਾ ਨਿੱਘ ਮਾਣਦਾ ਰਹਾਂਗਾ।

— ਸਕੱਤਰ ਕਮਿਊਨਿਸਟ ਪਾਰਟੀ
ਮਾਰਕਸਵਾਦੀ ਪੰਜਾਬ

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ

ਭਾਰਤ ਦੀ ਸਰਕਾਰ ਅੰਗਰੇਜ਼ੀ ਦਾ ਜਤਨ ਸੀ ਕਿ ਜਲਾਵਤਨ ਸਤਿਗੁਰੂ ਰਾਮ ਸਿੰਘ ਜੀ ਦਾ ਸੰਪਰਕ ਪੰਜਾਬ ਨਾਲ ਨਾ ਸਥਾਪਤ ਹੋਵੇ। ਪਰ ਗੁਰੂ ਕੇ ਸਿੰਘ ਔਖੀਆਂ ਘਾਟੀਆਂ ਅਤੇ ਸਮੁੰਦਰ ਲੰਘ ਕੇ ਖੁਫੀਆ ਤੌਰ ਤੇ ਬਹੁਤ ਸਖ਼ਤ ਪਹਿਰੇ ਵਿਚੋਂ ਵੀ ਸਤਿਗੁਰੂ ਜੀ ਦੀਆਂ ਹੱਥ ਲਿਖਤ ਚਿਠੀਆਂ ਲੈ ਕੇ ਆਉਂਦੇ ਰਹੇ ਜਿਨ੍ਹਾਂ ਨੂੰ ਸਤਿਕਾਰ ਵਜੋਂ ਹੁਕਮਨਾਮੇ ਕਿਹਾ ਜਾਂਦਾ ਹੈ। ਇਹ ਹੁਣ ਨਾਮਧਾਰੀ ਦਰਬਾਰ ਵੱਲੋਂ ਪ੍ਰਕਾਸ਼ਤ ਹੋ ਚੁੱਕੇ ਹਨ। ਬਹੁਤ ਸਾਰੇ ਮਸਲਿਆਂ ਨੂੰ ਛੋਹੰਦੇ ਇਹਨਾਂ ਹੁਕਮਨਾਮਿਆਂ ਵਿਚੋਂ ਅਸੀਂ ਇਕ ਇਥੇ ਪ੍ਰਕਾਸ਼ਤ ਕਰ ਰਹੇ ਹਾਂ ਇਨ੍ਹਾਂ ਹੁਕਮਨਾਮਿਆਂ ਦਾ ਪੰਜਾਬੀ ਸਾਹਿਤ ਵਿੱਚ ਵੀ ਅਹਿਮ ਸਥਾਨ ਹੈ। — ਸੰਪਾਦਕ

ੴ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਸਰਬ ਉਪਮਾ ਜੋਗ ਸੰਬੂਹਿ ਸੰਗਤ ਖਾਲਸੇ ਜੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਨੀ ਜੀ, ਪ੍ਰਮਾਨ ਕਰਨੀ। ਸੰਬੂਹ ਮਾਈ ਬੀਬੀ ਕੋ ਰਾਮਸਤਿ ਬੁਲਾਈ ਬਾਚਨੀ। ਹੋਰੁ ਅਸੀ ਅਨੰਦ ਖੁਸੀ ਹੈ ਜੀ, ਸੰਬੂਹ ਸੰਗਤਿ ਕੀ ਸੁਖ ਮੰਗਦੇ ਹਾ ਹਮੇਸਾ ਅਕਾਲ ਪੁਰਖ ਪਾਸੋ।

ਹੋਰ ਤਾ ਖਾਲਸਾ ਜੀ ਕੋਈ ਦੁਖ ਨਹੀ ਇਕ ਸੰਗਤ ਦੇ ਬਛੋੜੇ ਦਾ ਹੋਇ ਰਹਿਆ ਹੈ। ਸੋ ਏ ਦੁਖ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਦ ਗੁਰੂ ਚਾਹੂਗਾ ਤੁਰਤ ਹੀ ਮੇਟ ਦੇਊਗਾ। ਸੋ ਜੀ ਸੰਬੂਹ ਸੰਗਤ ਦੀ ਸੁਖ ਅਨੰਦ ਦੀ ਖਵਰ ਪਾਈ। ਜਿਸ ਜਿਸ ਦੀ ਚਿਠੀ ਆਈ ਹੈ ਅਰ ਜਿਸ ਜਿਸ ਜੋ ਚੀਜ ਭੇਜੀ ਹੈ ਸਾਡੇ ਵਾਸਤੇ ਸੋ ਸਾਨੂ ਸਭ ਚੀਜ ਮਿਲੀ ਰੁਪਏ ਕਪੜੇ ਤੇ ਆਦ, ਗਲਾਸ ਦੁਇ ਬੀ ਮਿਲੇ। ਇਕ ਜਾਨਬਰ ਭੀ ਮਿਲਾ'। ਸਭ ਸੰਗਤ ਦੀ ਖਵਰ ਸੁਨਕੇ ਹਰੇ ਹੋ ਗਏ ਹਾ। ਸਭਨੇ ਜੋ ਬਚਨ ਬਲਾਸ ਬੋਲਿਆ ਹੈ ਸੋ ਸਭ ਸਮਝਾ ਅਛੀ ਤਰਾ। ਇਕ ਨਾਮ ਗਾਮ ਸਮਝ ਤਾ ਲਏ ਸਭਦੇ, ਭਿੰਨ ਭਿੰਨ ਕਰਕੇ ਨਹੀ ਲਿਖੇ। ਭਿੰਨ ਭਿੰਨ ਲਿਖਣੇ ਤੇ ਕਾਗਦ ਬਹੁਤ ਬਧ ਜਾਦਾ ਹੈ ਨਾਲੇ ਭਜਨ ਬਾਣੀ ਦਾ ਹਰਜਾ ਹੁੰਦਾ ਹੈ। ਮੈ ਇਕੇਲਾ ਲਿਖਣ ਬਾਲਾ ਹਾ।

ਮੈ ਇਹ ਬਾਤ ਸਮਝੀ ਜੋ ਸੰਗਤਿ ਕੋ ਬੀ ਬਡਾ ਭਾਰੀ ਦੁਖ ਵਿਛੋੜੇ ਦਾ ਹੈ। ਸੋ ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ ਹੈ ਸਰਬ ਰੋਗ ਕਾ ਅਉਖਧੁ ਨਾਮੁ। ਨਾਮ ਤੇ ਬਾਣੀ ਦਾ ਬਡਾ ਪ੍ਰਤਾਪ ਹੈ, ਪਰਸਪਰ ਮੇਲਾ ਹੈ। ਦੇਖੋ ਨਾਮ ਵਿਚ ਕੇਡੀ ਕਲਾ ਹੈ। ਸੋ ਕਈ ਹਜਾਰ ਭੋਗ ਪਿਆ ਹੈ ਨਾਮ ਕੀ ਕਲਾ ਸੇ, ਅਰ ਕਈ ਹਜਾਰ ਸਿੰਘ ਬਾਣੀ ਦੇ ਉਚਾਰ ਨੁ ਲਗਾ ਹੈ, ਅਰ ਬਾਣੀ ਨਾਮ ਕੇ ਗੁਣਾ ਕੋ ਉਚਾਰ ਕਰਦੀ ਹੈ। ਸੋ ਏ ਦੋਨੋਂ ਅਮੋਲਕ ਚੀਜਾ ਹੈ। ਏਨਾ ਕਾ ਕੁਛ ਮੁਲ ਨਹੀ ਕਹਿਆ ਜਾਦਾ। ਸਿਖਾ ਨੂ ਖਾਲਸਾ ਜੀ ਆਪ ਗੁਰੂ ਸਾਹਿਬ ਕ੍ਰਿਪਾ ਕਰਕੇ ਦਾਨ ਦਿਤਾ ਹੈ। ਸੋ ਤੁਸੀ ਤਕੜੇ ਹੋ ਕੇ ਉਚਾਰ ਕਰਨਾ ਸਾਰੀ ਸੰਗਤਿ ਨੇ ਤੁਰਦੇ ਫਿਰਦੇ ਕੰਮ ਕਿਰਤ ਕਰਦੇ।

ਗੁਰੂ ਜੀ ਦਾ ਹੁਕਮ ਹੈ ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ। ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ। ਸੋ ਖਾਲਸਾ ਜੀ ਜੰਮਣਾ ਮਰਨਾ ਜੂਨਾ ਨੂ ਬੜਾ ਈ ਦੁਖ ਹੈ। ਮਨੁਖਾ ਜਨਮ ਤੇ ਬਿਨਾ ਕਹਾ ਨਾਮ ਦਾਨ ਇਸਨਾਨ ਹਥ ਆਵਦਾ ਹੈ। ਏਹੁ ਬੀ ਗੁਰੂ ਜੀ ਦਾ ਹੁਕਮ ਹੈ ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ। ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ। ਹਰਿ ਨਾਮ ਵਿਚ ਵਡਾਈਆ ਗੁਰੂ ਜੀ ਨੇ ਕਹੀ ਹੈ। ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।

ਨਾਮ ਕੀ ਤਾ ਅਮਿਤ ਵਡਾਈ ਹੈ। ਮੈ ਜੀਉ ਕਿਆ ਕਹਿ ਸਕਦਾ ਹਾ। ਸੋ ਮੈ ਬਾਰ ਬਾਰ ਲਿਖਦਾ ਹਾ ਸੰਗਤ ਕੀ ਓਰ ਜੋ ਬਡੇ ਝਲ੍ਹਾਗੇ ਨਾਵਣਾ।' ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸਨਾਨ ਕਰੇ ਸਮੇਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ ਉਸਕੋ ਮੋਤੀ ਦਾਨ ਦਾ ਪੁਨ ਹੁੰਦਾ ਹੈ, ਫੇਰ ਸੁਵਰਨ ਦਾ, ਫੇਰ ਰੁਪੇ ਦਾ, ਫੇਰ ਤਾਂਬੇ ਦਾ, ਫੇਰ ਅੰਨ ਦਾ, ਫੇਰ ਦੁਧ ਦਾ, ਫੇਰ ਜਲ ਦਾ। ਫੇਰ ਦਿਨ ਚੜੇ ਪੁਨ ਕੁਛ ਨਹੀ, ਪਿੰਡਾ ਧੋ ਲੈਣਾ ਹੈ। ਸੋ ਜੀ ਏਹੁ ਮਹਾਤਮੁ ਦਸਮੇ ਪਾਤਸਾਹ ਨੇ ਮੁਖਾਰਬਿੰਦ ਤੇ ਉਚਾਰ ਆਪ ਕੀਤਾ ਹੈ। ਸੋ ਜਿਤਨਾ ਬਣ ਆਵੇ ਉਤਨੀ ਰਾਤ ਤੇ ਕਰਨਾ ਜਰੂਰ।

ਹੋਰੁ ਭਾਈ ਖਾਲਸਾ ਜੀ ਜਿਤਨੇ ਪੁਜ ਆਵਣ ਉਤਨੇ ਭੋਗ ਗ੍ਰੰਥ ਸਾਹਿਬ ਦੇ ਪੁਆਉਣੇ ਤੇ ਆਪ ਪਾਉਣੇ। ਜੇਕਰ ਇਕ ਘਰ ਤੇ ਨਾ ਪੁਜ ਆਵੇ ਤਾ ਦੁਹਿ ਚਹੁ ਸਿੰਘਾ ਨੇ ਰਲ ਕੇ ਭੋਗ ਪੁਆ ਦੇਣੇ। ਬਡਾ ਅਡੰਬਰ ਨਹੀ ਕਰਨਾ। ਬਹੁਤੇ ਸਿੰਘ ਦੂਸਰੇ ਪਿੰਡਾ ਦੇ ਨਾ ਕਠੇ ਕਰਨੇ। ਜਥਾ ਸਕਤ ਪ੍ਰਸਾਦਿ ਕਰਕੇ ਭੋਗ ਪਾ ਦੇਣਾ।

ਹੋਰੁ ਇਕ ਸਿੰਘ ਨੇ ਐਸਾ ਲਿਖਾ ਹੈ ਮੇਰੇ ਤੇ ਬਾਣੀ ਕੰਠ ਨਹੀ ਹੁੰਦੀ। ਗੁਰੂ ਜੀ ਨੇ ਬੀ ਹੁਕਮ ਦਿਤਾ ਸੀ ਅਖਰ ਪੜਨੇ ਦਾ। ਸੋ ਇਕ ਸਿਖ ਨੇ ਅਰਜ ਕੀਤੀ ਗੁਰੂ ਜੀ ਮੇਰੇ ਤੇ ਅਖਰ ਨਹੀ ਪੜ ਹੁੰਦੇ, ਮੈਨੂ ਆਉਂਦੇ ਨਹੀ। ਗੁਰੂ ਜੀ ਨੇ ਕਹਾ ਅਛਾ ਸਿਖਾ ਤੂ ਏਸ ਜਗਾ ਇਕ ਪਥਰ ਹਮੇਸਾ ਸਿਟ ਜਾਇਆ ਕਰ, ਤਾ ਉਹ ਸਿਖ ਲਗਾ ਇਕ ਪਥਰ ਹਮੇਸਾ ਸਿਟਣ ਤਾ ਪਥਰਾਂ ਦਾ ਢੇਰ ਲਗ ਗਇਆ। ਤਾ ਗੁਰੂ ਜੀ ਨੇ ਕਿਹਾ ਇਕ ਇਕ ਅਖਰੁ ਸਿਖੇ ਜੇ ਹਮੇਸਾ ਤਾ ਅਖਰ ਸਿਖੇ। ਪਥਰਾਂ ਦੇ ਸਿਟਣ ਤੇ ਏਡਾ ਢੇਰ ਲਗ ਗਇਆ, ਸੋ ਅਜੇ ਤੈਨੂ ਆਉਂਦੇ ਨਹੀ ਤਾ ਆਇ ਜਾਣਗੇ। ਤਾ ਉਹ ਸਿਖ ਹੁਕਮ ਮੰਨਕੇ ਅਖਰ ਪੜਨ ਲਗ ਗਇਆ, ਫੇਰ ਅਖਰ ਪੜ ਗਇਆ। ਸੋ ਖਾਲਸਾ ਜੀ ਜੋ ਇਕ ਦੁਇ ਤੁਕਾ ਨਿਤ ਕੰਠ ਕਰਨਗੇ, ਬਹੁਤ ਬਾਣੀ ਕੰਠ ਹੋ ਜਾਊਗੀ, ਸਤਿ ਕਰਕੇ ਮੰਨਣਾ।

ਸੋ ਭਾਈ ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਵਾਸਤੇ ਸਭ ਸੁਖ ਹੋਨਗੇ। ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ। ਹਰਿ ਤਰਾ ਸੇ ਉਸ ਸਰੀਰ ਦੀ ਗੁਰੂ ਰਛਿਆ ਕਰੇਗਾ, ਸਤਿ ਕਰਕੇ ਮੰਨਣਾ। ਗੁਰਮੰਤ੍ਰ ਹੀਣ ਪ੍ਰਾਣੀ ਕੂਕਰ ਸੂਕਰ ਗਰਧਪ ਸਰਪਨ ਕੀ ਨਿਆਈ ਹੈ ਮਨੁਖ। ਸੋ ਜੀ ਮੈ ਏਸੇ ਬਾਸਤੇ ਬਾਰ ਬਾਰ ਬਾਣੀ ਕੰਠ ਕਰਨ ਨੂ ਲਿਖਦਾ ਹਾ ਅਰ ਆਪ ਬੀ ਮੈ ਕੁਛ ਨਹੀ ਲਿਖ ਸਕਦਾ ਹਾ। ਜਦ ਹਰਦਾਸ ਲਿਖਣ ਲਗਦਾ ਹਾ ਤਦ ਹੀ ਗੁਰੂ ਸਾਹਿਬ ਅਗੇ ਪਹਿਲੇ ਹਥ ਜੋੜਕੇ ਬੇਨਤੀ ਕਰਦਾ ਹਾ 'ਹੇ ਗੁਰੂ ਸਾਹਿਬ ਜੀ ਜੋ ਤੈਨੂ ਅਛੀ ਲਗੇ ਸੋ ਮੇਰੇ ਤੇ ਲਿਖਾਈ।' ਜੋ ਮੇਰੇ ਤੇ ਗੁਰੂ ਸਾਹਿਬ ਲਿਖਾਵਦਾ ਹੈ ਸੋ ਮੈ ਸੰਗਤ ਕੀ ਓਰ ਲਿਖ ਭੇਜਦਾ ਹਾ। ਮੇਰੇ ਮੈ ਜੀ ਕਹਾ ਮਤ ਹੈ। ਜੇ ਮੇਰੇ ਮੈ ਮਤ ਹੁੰਦੀ ਤਾ ਮੈ ਮਲੇਛਾ ਦੀ ਕੈਦ ਵਿਚ ਕਿਓ ਆਵਦਾ। ਦੇਖੋ ਖਾਲਸਾ ਜੀ ਕਰਤਾਰ ਦੇ ਰੰਗ ਤਮਾਸੇ, ਕਰਤਾਰ ਕੀ ਦਿਖਾਵਦਾ ਹੈ।

ਹੋਰੁ ਜੀ ਏਥੇ ਅਸੀ ਆਇਕੇ ਸਾਖੀਆ ਦੇ ਬਹੁਤ ਅਰਥ ਸਮਝੇ ਹਾ ਗੁਰੂ ਸਾਹਿਬ ਦੀ ਮਿਹਰ ਨਾਲ। ਅਗੇ ਸਾਖੀਆ ਵਲ ਥੋੜਾ ਧਿਆਨ ਸੀ। ਕਿਸ ਕਰਕੇ, ਕੋਈ ਦੁਖ ਨਹੀ ਥਾ। ਭਜਨ ਬਾਣੀ ਸੁਖ ਸਹਿਤ ਕਰਦੇ ਸੀ। ਖਾਣ ਪੈਨਣ ਦੀ ਕੁਛ ਕਮੀ ਨਹੀ ਸੀ। ਗੁਰੂ ਜੀ ਦਾ ਦਾਨ ਕੁਛੁ ਘਾਟਾ ਨਹੀ ਥਾ, ਸੁਖੀ ਸੇ। ਹੁਣ ਜਦ ਦੁਖ ਹੋਣ ਲਗਾ ਤਾ ਗੁਰੂ ਜੀ ਦੇ ਬਚਨਾ ਬਲਿ ਢੂਡਿ ਲਗੇ ਕਰਨਿ। ਕਿਓ ਜੋ ਦੁਖ ਬਣਦਾ ਹੈ ਤਾ ਵੈਦਾ ਦੀ ਢੂੰਡਿ ਕਰੀਦੀ ਹੈ। ਬਿਨਾ ਦੁਖ ਵੈਦਾ ਦਾ ਢੂਡਿ ਨਹੀ ਕਰੀਦੀ। ਦੁਖ ਬਣਿਆ ਤਾ ਦੇਖਣ ਲਗੇ। ਸੋ ਭਾਈ ਸਾਖੀਆ ਦੇ ਬਚਨ ਸਤਿ ਹੈ।

ਅਰਥ ਬੋਧ ਗੁਰੂ ਜੀ ਕੇ ਕਰਾਏ ਬਿਨਾ ਨਹੀ ਹੁੰਦਾ। ਪਹਿਲਾ ਤਾ ਅਸੀ ਆਖਦੇ ਥੇ ਭਾਈ ਏ ਸਿਖ ਸਾਧ ਸਾਡੇ ਨਾਲ ਵਿਰੋਧ ਕਿਉ ਕਰਦੇ ਹੈ ? ਸੋ ਏਨਾ ਨੂ ਬੀ ਗੁਰੂ ਜੀ ਦਾ ਬਚਨ ਹੈ 'ਗਿਆਨੀ ਧਿਆਨੀ ਗੁਣੀ ਧਨਾਢ। ਨਾਮ ਜਪਤ ਘਰ ਘਰ ਮੈ ਆਢ।' ਨਾਮ ਜਪਣ ਵਾਲਿਆ ਕੇ ਸਾਥ ਹਰਿ ਜਾਗਾ ਆਢਾ ਕਰਨਗੇ, ਸੋ ਪੁਜ ਕੇ ਕੀਤਾ ਸਿਰ ਤਾਈ। ਸੋ ਜੀ ਕਿਸੇ ਸਮੇ ਦੇ ਸਰਾਫੇ ਹੋਇ ਹੈਨਿ, ਏਨਾ ਦੇ ਕੀ ਬਸ ਹੈ। ਸਭ ਕੇ ਜੋ ਮੁਹ ਮੈ ਆਇਆ ਹੈ ਸੋ ਕਿਛੁ ਬਕਨੇ ਮੈ ਸੰਕਾ ਨਹੀ ਰਖੀ।

ਹੋਰੁ ਖਾਲਸਾ ਜੀ ਸਾਖੀਆ ਦੇ ਬਚਨ ਸਤਿ ਹੈ। ਲਿਖਾ ਹੈ ਏਹੀ 'ਨੀਤ ਕਰਤੇ ਸਤਿ ਸਾਤਿ।' ਸਤਿ ਤੇ ਸਤਿ ਚੋਦਾ। 'ਫੇਰ ਬਰਸ ਬੀਤ ਜਾਵੇ ਦਸ ਸਾਤਿ।' ਦਸ ਸਤ ਸਤਾਰਾ। 'ਫੇਰ ਦੋ ਸਾਲ।' ਫੇਰ ਤਾ ਮੈ ਮਿਲਕੇ ਸਭ ਹੋਇ ਬਰਸ ਤੇਤੀਸਾ। ਫੇਰ ਗੁਰੂ ਸਾਹਿਬ ਦਾ ਬਚਨ ਹੈ ਚੋਤੀ ਸਾਲ ਚੜੇ ਤੇ 'ਰੋਲੀ ਪਵੈ ਦੇਸ ਸਭ ਰੁਲੈ।' ਸੋ ਖਾਲਸਾ ਜੀ ਚੜਦੇ ਚੋਤੀਏ ਰੋਲੀ ਤਾ ਪੈ ਗਈ ਹੈ, ਅਗੇ ਜੋ ਸਚੇ ਪਾਤਿਸਾਹ ਕਲਗੀਵਾਲੇ ਦਾ ਹੁਕਮ ਹੈ ਸੋ ਸਭ ਪੂਰਾ ਵਰਤੇਗਾ, ਸਤਿੰ ਕਰਕੇ ਮੰਨਣਾ।

ਹੋਰ ਬਹੁਤਾ ਕੀ ਲਿਖਣਾ ਹੈ ਤੁਸੀ ਸਮਝ ਲੈਣਾ। ਅਗੇ ਤਾ ਵਿਲਿਆ ਦੇ ਵਾਸਤੇ ਨਾਸ ਤੇ ਗਰਕ ਹੋ ਜਾਣ ਦੇ ਬਚਨ ਹੈਨ, ਸੋ ਸਭ ਪੂਰੇ ਹੋਵਨਿਗੇ। ਸੁਰੂ ਹੋਣਾ ਚੋਤੀਏ ਤੇ ਹੈ। ਅਸੀ ਬੀ ਆਪੇ ਸੇ ਭਾਈ ਜੋ ਕੁਛ ਚੋਤੀਏ ਮੈ ਹੋਇਆ ਤਾ ਅਗੇ ਬੀ ਸਬ ਕਿਛੁ ਹੋਊ। ਸੋ ਚੋਤੀਏ ਮੈ ਜੋ ਕਹਾ ਥਾ ਸੋ ਸੁਰੂ ਹੋ ਗਿਆ। ਅਗੇ ਦੇਖੋ ਕਰਤਾਰ ਦੇ ਰੰਗ ਤਮਾਸੇ, ਕੀ ਦਿਖਾਉਂਦਾ ਹੈ। ਹੋਰ ਜੋ ਸੰਗਤ ਨੇ ਲਿਖਾ ਥਾ ਤੁਸੀ ਕਦ ਆਵੋਗੇ ਸੋ ਖਾਲਸਾ ਜੀ ਜਦ ਸੰਬਰ ਸੂਰੀ ਫਿਰੂਗੀ ਤਦ ਆਵਾਗੇ। ਭਾਈ ਅਗੇ ਗੁਰੂ ਬਿਅੰਤ ਹੈ। ਅਪਨੇ ਕਰਤਬ ਜਾਨੇ ਆਪ।

ਹੋਰ ਏਹੁ ਸੰਗਤਿ ਨੇ ਲਿਖਾ ਥਾ ਜੋ ਦੁੰਦ ਪਵੇ ਤਾ ਕਿਥੇ ਕਟੀਏ ਦੁੰਦ ਸਮਾ। ਸਭ ਸਿੰਘ ਮਿਲਕੇ ਅਛੀ ਜਗਾ ਵਿਚਾਰ ਲੈਣੀ, ਉਥੇ ਕਟਿ ਲੈਣਾ। ਪਰ ਅਜੇ ਤਾ ਵਿਖੇੜਾ ਦੂਰ ਹੈ ਨਾਲੇ ਅਛੀ ਤਰਾ ਸੇ ਅਗ ਮਚੀ ਨਹੀ। ਲਕੜੀਆ ਬਾਲਣ ਇਕਠਾ ਹੁੰਦਾ ਹੈ। ਹੋਰ ਖਾਲਸਾ ਜੀ ਪ੍ਰਤੀਤ ਰਖਣੀ ਏਹੁ ਜੋ ਭਜਨ ਬਾਣੀ ਨਾਮ ਦਾਨੁ ਇਸਨਾਨ ਪਾਠੁ ਭੋਗ ਏਹੁ ਘਾਲ ਕਰੂਗਾ ਉਸ ਦਾ ਬ੍ਰਿਥਾ ਨਾ ਜਾਊਗਾ। ਗੁਰੂ ਜੀ ਦਾ ਬਚਨ ਹੈ ਇਕੁ ਤਿਲੁ ਨਹੀ ਭੰਨੈ ਘਾਲਿਆ। ਪ੍ਰਤੀਤ ਰਖਣੀ ਏਸ ਬਚਨ ਦੀ।

ਹੋਰੁ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀ। ਜੇ ਕਿਛ ਬਣਿ ਆਵੈ ਜਥਾ ਸਕਤ ਪੁਨ ਦਾਨੁ ਭੋਗ ਪਾਠ, ਸਿਖਾ ਨੂ ਪ੍ਰਸਾਦਿ ਬਸਤਰ ਪੋਸਾਕ ਜਿਤਨੀ ਬਣ ਆਵੈ ਸੋ ਕਰਨਾ। ਰੋਏ ਪਿਟੇ ਤੇ ਇਕ ਤਾ ਪ੍ਰਮੇਸਰ ਤੇ ਬੇਮੁਖੀ ਹੁੰਦੀ ਹੈ ਅਰ ਸਰੀਰ ਨੂ ਬੀ ਕਸਟ ਹੁੰਦਾ ਹੈ, ਨਾਲੇ ਹਥ ਨਾਲੇ ਬੀ ਕੁਛੁ ਨਹੀ ਪੈਦਾ। ਨਾਲੇ ਸੁਣਿਆ ਹੈ ਜਿਸ ਨੂ ਰੋਦੇ ਹੈਨਿ ਉਸ ਨੂ ਭੀ ਖੇਦ ਹੁੰਦਾ ਹੈ। ਸੀਢ ਅਰ ਰੋਣ ਦਾ ਪਾਣੀ ਉਸ ਪ੍ਰਾਣੀ ਦੇ ਉਤੇ ਗਿਰਦਾ ਹੈ ਤਾ ਓਹ ਪ੍ਰਾਣੀ ਆਖਦਾ ਹੈ ਹੇ ਪਰਮੇਸਰ

ਏਨਾ ਦਾ ਕੋਈ ਹੋਰ ਮਰੇ ਤਾ ਅਛਾ ਹੈ, ਏ ਮੇਰਾ ਪਿਛਾ ਕਿਮੇ ਛਡਨਿ। ਸੋ ਜੀ ਨਾ ਕਿਸੇ ਨੂ ਸੁਖ ਹੋਆ, ਨਾ ਕਿਛੁ ਹਥਿ ਪਲੇ ਆਇਆ, ਨਾ ਕੁਛੁ ਪ੍ਰਮੇਸਰ ਨਾਲ ਗੰਢ ਲਗਾ। ਸੋ ਐਸਾ ਕੰਮ ਮੂਲ ਨਹੀ ਕੀਤਾ ਚਾਹੀਦਾ।

ਹੋਰੁ ਖਾਲਸਾ ਜੀ ਭਜਨ ਬਾਣੀ ਪੜ ਕਰਕੇ ਗੁਰੂ ਸਾਹਿਬਾ ਅਗੇ ਗਲ ਮੈ ਪਲਾ ਪਾਕੇ ਹਥ ਜੋੜਕੇ ਗੁਰੂ ਸਾਹਿਬਾ ਤੇ ਗੁਰਮਤ, ਸਿਦਕ ਭਰੋਸਾ, ਨਾਮ ਦਾਨ ਮੰਗਣਾ ਬੇਨਤੀ ਕਰਕੇ। ਅਗੇ ਜੋ ਗੁਰੂ ਨੂ ਭਾਵੇ। ਖਾਲਸਾ ਜੀ ਹਮੇਸਾ ਭੰਡੀ ਸਾਡੇ ਈ ਪਿਛੇ ਨਹੀ ਰਹਿਣੀ। ਸਮਾ ਸੋ ਬੀਤ ਜਾਇਗਾ। ਖਵਰ ਨਹੀ ਸਾਡੇ ਕਿਤਨੇ ਕੁ ਪਾਪ ਥੇ ਗੁਰੂ ਜੀ ਨੇ ਥੋੜੇ ਮੈ ਹੀ ਦੂਰ ਕੀਤੇ ਹੈਨਿ ਨਿੰਦ ਚਿੰਦ ਕਰਵਾਕੇ। ਮੈ ਤਾ ਇਉ ਜਾਨਦਾ ਹਾ ਠੀਕ।

ਹੋਰੁ ਭਾਈ ਨੈਣਾ ਸਿੰਘ[5] ਤੇ ਭਗਵਾਨ ਸਿੰਘ[6] ਤੇ ਨਿਧਾਨ ਸਿੰਘ ਜੀ[7] ਇਹੁ ਅਰਦਾਸ ਸਾਰੀ ਸੰਗਤ ਨੂ ਸੁਣਾ ਦੇਣੀ, ਸਭ ਦੇਸਾ ਦੇ ਖਾਲਸੇ ਨੂ। ਜੋ ਏਸ ਅਰਦਾਸ ਦੇ ਬਚਨ ਮੰਨੂਗਾ, ਓਸਦਾ ਬਹੁਤ ਭਲਾ ਹੋਊਗਾ, ਸਤਿ ਕਰਕੇ ਮੰਨਣਾ। ਸੋ ਭਾਈ ਖਾਲਸਾ ਜੀ ਅਸੀ ਸਾਰੀ ਬਾਤ ਆਪਣੀ ਅਖੀ ਦੇਖੀ ਹੈ ਭਜਨ ਬਾਣੀ ਦੀ, ਤਾ ਸੰਗਤ ਵਲਿ ਲਿਖਦੇ ਹਾ। ਸਾਡਾ ਕੋਈ ਕੰਮ ਨਾਹੀ ਸਾ, ਪਰਉਪਕਾਰ ਵਾਸਤੇ ਲਿਖੀ ਹੈ। ਗੁਰੂ ਸਾਹਿਬ ਦੀ ਓਟ ਕਰਕੇ ਇਹੁ ਦਿਨ ਕਟੇ ਹੈ, ਨਹੀ ਤਾ ਹੋਰ ਸਾਡਾ ਕੋਈ ਠਕਾਣਾ ਨਹੀ ਥਾ ਗੁਰੂ ਬਿਨਾ। ਕਰਮੁ ਸਾਨੂ ਇਸ ਜਗਾ ਮੈ ਲੈ ਆਇਆ ਹੈ। ਖੋਟੀ ਏਹੁ ਜਾਗਾ ਮਹਾ ਦੁਖਾ ਦੀ ਹੈ ਸੀ, ਸੋ ਅਸੀ ਥੋੜਾ ਕੁਛੁ ਭਜਨ ਬਾਣੀ ਕੀਤਾ ਸੀ ਨਾਮਧਰੀਕ ਈ, ਸੋ ਸਾਨੂ ਏਤਨੀ ਹੀ ਗੁਰੂ ਜੀ ਦੀ ਸਰਨਿ ਨੇ ਕੋਈ ਦੁਖ ਨਹੀ ਨੇੜੇ ਆਵਣਿ ਦਿਤੇ ਗੁਰੂ ਜੀ ਨੇ। ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ।

ਭਾਈ ਅਬਲ ਤੇ ਏਹੁ ਚਿਠੀ ਸਭ ਦੇਸਾ ਦੇ ਵਾਸਤੇ ਲਿਖੀ ਹੈ, ਸਾਰੇ ਦੇਸਾ ਦੇ ਵਾਸਤੇ ਸੁਣਾ ਦੇਣੀ। ਜਿਥੇ ਤੁਸੀ ਜਾਓ ਜੇਹੜਾ ਤੁਹਾਡੇ ਪਾਸ ਆਵੇ ਸਭ ਨੂ ਸੁਣਾ ਦੇਣੀ। ਜੇਕਰ ਦੋ ਚਾਹੋ ਤਾ ਏਸ ਦੇ ਉਪਰੋ ਉਤਾਰ ਕਰਕੇ ਜਿਥੇ ਮਰਜੀ ਹੋਵੇ ਭੇਜ ਦੇਣੀ। ਜਿਤਨੀਆ ਚਾਹੋ ਉਤਨੀਆ ਬਣਾ ਲੈਣੀ ਪਰ ਨੈਣਾ ਸਿੰਘ ਆਧਾ ਸੀ ਮੇਰੇ ਪਾਸ ਰਹੇ ਤਾ ਅਛੀ ਹੈ ਮੈ ਲਿਖਣਾ ਨਹੀ ਜਾਣਦਾ। ਭਾਈ ਨੈਣਾ ਸਿੰਘ ਜੀ ਜੇ ਤੈ ਰਖੀ ਆਪ ਦੇ ਪਾਸ ਤਾ ਤੂ ਭਾਈ ਬਹੁਤੀ ਥਾਈ ਜਾਕੇ ਦਿਖਾਲ ਦੇਈ। ਅੰਮ੍ਰਿਤਸਰ ਭੀ ਦਿਖਾਲੀ ਅਰ ਲਾਹੋਰ ਭੀ। ਅਛੀ ਤਰਾ ਸੇ ਸਾਭ ਕੇ ਲੈ ਜਾਣੀ। ਪਿੰਡੇ ਨਾਲ ਲਗਾ ਕੇ ਨਾ ਜੋੜ ਲੈਣੀ ਪ੍ਰਸੀਨੇ ਕੇ ਸਾਥ।

ਹੋਰੁ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮੁ ਹੈ, ਅਗੇ ਗੁਰੂ ਜਾਣੇ। ਹੋਰ ਜੀ ਸਾਡੀ ਬਲਿ ਕੋਈ ਅਰਦਾਸ ਲਿਖੇ ਤਾ ਸੁਧ ਲਿਖਣੀ। ਕੋਈ ਕੋਈ ਚਿਠੀ ਐਸੀ ਆਈ ਹੈ ਬਹੁਤੁ ਖੰਡਿਤ, ਕੁਛ ਸਿਰਪੈਰ ਨਹੀ ਆਉਦਾ। ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂੰ ਨਿੰਦਾ ਕਾਂ, ਆਪ ਸਭ ਕੇ ਸਾਥ ਅਨੰਦ ਰਹਿਣਾ।

ਏਨਾ ਬਿਲਿਆ ਨੂ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੇ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨਕੇ। ਹਮਾਰੀ ਤਾ ਮਨਸਾ ਕਿਸੇ ਦਾ ਕਖ ਖੋਹਣ ਦੀ ਨਹੀ ਸੀ। ਇਕੁ ਗਾਈ ਦਾ ਤਰਸ ਠੀਕ ਆਉਦਾ ਹੈ ਹੁਣ ਭੀ, ਜੋ ਗਾਈ ਮੈ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀ, ਬਿਚਾਰ ਲੇਹੁ। ਭੂਲ ਚੂਕ ਲਿਖਣ ਵਾਲੇ ਨੂੰ ਬਖਸਣੀ ਗੁਰੂ ਜੀ।

ਫੁੱਟ ਨੋਟ :-

੧. ਚਾਂਦੀ ਦੇ ਦੋ ਗਿਲਾਸ ਭਾਈ ਕਾਨ੍ਹ ਸਿੰਘ ਜੀ ਬੁਰਜਾਂ ਵਾਲਿਆਂ ਨੇ ਭੇਜੇ ਸਨ। ਜਾਨਵਰ ਚਿੜੀ ਦੀ ਸ਼ਕਲ ਦਾ ਸੀ। ਇਹ ਭੰਨ ਕੇ ਗੁਰਦੁਆਰੇ ਲੰਗਰ ਵਿਚ ਭੇਜ ਦਿੱਤਾ ਸੀ ਸ੍ਰੀ ਸਤਿਗੁਰੂ ਜੀ ਨੇ।

੨. ਅੰਮ੍ਰਿਤ ਵੇਲੇ, ਦਿਨ ਦਾ ਚਾਨਣ ਹੋਣ ਤੋਂ ਬਹੁਤ ਪਹਿਲੋਂ।

੩. ਨੀਤ ਕਰਤੇ ਸਤਿ ਸਾਤਿ। ੭+੭=੧੪
ਫੇਰ ਬਰਸ ਬੀਤ ਜਾਵੇ ਦਸ ਸਾਤਿ। ੧੦+੭=੧੭
ਫੇਰ ਦੋ ਸਾਲ। +੨=੦੨
ਫੇਰ ਤਾ ਮੈ ਮਿਲਕੇ ਸਭ ਹੋਈ ਕੁਲ = ੩੩
ਬਰਸ ਤੇਤੀਸ।
ਅਰਥਾਤ੍- ੧੯੩੩ ਬਿਕਰਮੀ/੧੮੭੬-੭੭ਈ.।

੪. ੧੮੩੪ ਬਿਕਰਮੀ/ ੧੮੭੭-੭੮ ਈ., ਰੂਸ-ਟਰਕੀ ਲੜਾਈ ਵੱਲ ਸੰਕਤੇ ਹੈ।

੫. ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ, ਪਿਤਾ ਸ੍ਰ. ਸਮੁੰਦ ਸਿੰਘ।

੬. ਪਿੰਡ ਫੱਤੇਵਾਲ ਜ਼ਿਲ੍ਹਾ ਅੰਮ੍ਰਿਤਸਰ, ਪਿਤਾ ਸ੍ਰ. ਗੁਰਦਿੱਤ ਸਿੰਘ।

੭. ਪਿੰਡ ਚੰਬਾ, ਜ਼ਿਲ੍ਹਾ ਅੰਮ੍ਰਿਤਸਰ। ਸਰਕਾਰੀ ਰਿਕਾਰਡਾਂ ਅਨੁਸਾਰ ਨਿਧਾਨ ਸਿੰਘ, ਜ਼ਿਲ੍ਹਾ ਜਲੰਧਰ ਦੇ ਪਿੰਡ ਦੁਰਗਾਪੁਰ ਦਾ ਹਮੀਰ ਸਿੰਘ ਸੈਣੀ ਸੀ।

—ਹੋਮ ਜੁਡੀਸ਼ਿਅਲ ਬੀ, ਅਕਤੂਬਰ ੧੮੮੧,
ਨੰ. ੧੮੮-੧੯੫।
ਹੁਕਮਨਾਮਾ ਨੰ. ੩
ਫੁੱਟ ਨੋਟ ਟਿਪਣੀਆਂ
ਸ. ਜਸਵਿੰਦਰ ਸਿੰਘ ਹਿਸਟੋਰੀਅਨ

ਨਾਮਧਾਰੀ ਇਤਿਹਾਸ ਦੇ ਖ਼ੂਨੀ ਪੱਤਰੇ, ੧੭-੧੮ ਜਨਵਰੀ ੧੮੭੨

— ਸੁਵਰਨ ਸਿੰਘ ਵਿਰਕ

੧੭-੧੮ ਜਨਵਰੀ ੧੮੭੨ ਈ. ਨੂੰ ਮਲੇਰਕੋਟਲੇ ਦੇ ਖ਼ੂਨੀ ਰੱਕੜ ਵਿਚ, ਜਿਸ ਨੂੰ ਕੂਕਿਆਂ ਦਾ ਕੱਲਰ ਭੀ ਕਹਿੰਦੇ ਹਨ, ਵਾਪਰਨ ਵਾਲਾ ਮਹਾਂ ਦੁਖਾਂਤ ਕੂਕਾ ਅੰਦੋਲਨ ਦਾ ਸਿਖਰ ਹੈ। ਕਿਉਂ ਜੁ ਇਹਨਾਂ ਦੋਹਾਂ ਦਿਨਾਂ ਵਿਚ ਜਿੱਥੇ ੬੬ ਨਾਮਧਾਰੀ ਸਿੰਘ ਤੋਪਾਂ ਨਾਲ ਉਡਾਏ ਗਏ ਜਾਂ ਇਕ ਭਾਈ ਬਿਸ਼ਨ ਸਿੰਘ ਭੁਜੰਗੀ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਇਹ ੧੭-੧੮ ਜਨਵਰੀ ੧੮੭੨ ਈ. ਦੀ ਦਰਮਿਆਨੀ ਰਾਤ ਹੀ ਹੈ, ਜਦੋਂ ਨਾਮਧਾਰੀ ਪੰਥ ਦੇ ਹਿਰਦੇ ਸਮਰਾਟ ਭਾਰਤ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਪ੍ਰਾਣਾਂ ਤੋਂ ਪਿਆਰੇ ਨਾਮਧਾਰੀ ਸਿੰਘਾਂ ਅਤੇ ਦੇਸ਼ ਭੂਮੀ ਤੋਂ ਵਿਛੋੜ ਦਿੱਤਾ ਗਿਆ। ਇਹਨਾਂ ਦਿਨਾਂ ਦੀ ਯਾਦ ਮਾਤਰ ਨਾਲ ਹੀ ਸਾਡੇ ਸੀਨੇ ਦੇ ਦਾਗ਼ ਮੁੜ ਹਰੇ ਹੋ ਜਾਂਦੇ ਹਨ।

ਇਸ ਸਾਕੇ ਦੀ ਖ਼ੂਨੀ ਦਾਸਤਾਨ ਨੂੰ ਬਿਆਨ ਕਰਨ ਤੋਂ ਪਹਿਲਾਂ ਇਸਦੇ ਪਿਛੋਕੜ ਤੇ ਇਕ ਪੰਛੀ ਝਾਤ ਮਾਰਨੀ ਜ਼ਰੂਰੀ ਹੈ। ਮਹਾਂਬਲੀ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ, ਸਿੱਖ ਰਾਜ ਜਾਂ ਲਾਹੌਰ ਦਰਬਾਰ ਦੇ ਨਾਂ ਨਾਲ ਜਾਣਿਆ ਜਾਂਦਾ ਸਾਰੇ ਪੰਜਾਬੀਆਂ ਦਾ ਸਾਂਝਾ ਰਾਜ ਹੌਲੇ ਹੌਲੇ ਤਾਸ਼ ਦੇ ਪੱਤਿਆਂ ਵਾਂਗ ਦਸਾਂ ਕੁ ਸਾਲਾਂ ਵਿਚ ਹੀ ਢਹਿ ਢੇਰੀ ਹੋ ਗਿਆ। ਯੋਗ ਅਗੁਆਈ ਦੀ ਘਾਟ ਨੇ ਕੌਮੀ ਕਵੀ ਸ਼ਾਹ ਮੁਹੰਮਦ ਦੀ ਕਲਮ ਨੂੰ, ਪੰਜਾਬ ਦੀ ਤਕਦੀਰ ਤੇ ਇਉਂ ਵੈਣ ਪਾਉਂਦਿਆਂ ਆਪਣੀਆਂ ਫੌਜਾਂ ਦੇ ਕਦਰਦਾਨ, ਲਾਡਲੇ ਸ਼ੇਰੇ-ਪੰਜਾਬ ਨੂੰ ਇਉਂ ਖ਼ੂਨ ਦੇ ਅੱਥਰੂ ਵਗਉਂਦਿਆਂ ਚੇਤੇ ਕੀਤਾ--

"ਜੰਗ ਹਿੰਦ ਪੰਜਾਬ ਹੋਣ ਲੱਗਾ
ਦੋਵੇ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ
ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।"

ਇਕ ਸਦੀ ਦੀਆਂ ਭਾਰੀ ਮੁਸ਼ੱਕਤਾਂ' ਕੁਰਬਾਨੀਆਂ, ਲਹੂ ਡੋਹਲਵੀਆਂ ਲੜਾਈਆਂ ਤੋਂ ਬਾਅਦ ਜਿਹੜਾ ਪੰਜਾਬੀ ਰਾਜ ਕਾਇਮ ਹੋਇਆ ਸੀ ਉਸ ਦੇ ਤ੍ਰਾਸਦਿਕ ਅੰਤ ਦਾ ਚਿਤਰਣ ਸੰਤ ਨਿਧਾਨ ਸਿੰਘ "ਆਲਿਮ' ਦੇ ਸ਼ਬਦਾਂ ਵਿਚ – "੨੯ ਮਾਰਚ ੧੮੪੯ ਨੂੰ ਸਵੇਰੇ ੭ ਵਜੇ ਸ਼ਾਹੀ ਮਹੱਲ ਵਿਚ ਪੰਜਾਬ ਦੀ ਅਜ਼ਾਦ ਹਕੂਮਤ ਦਾ ਛੇਕੜਲਾ– ਦਰਬਾਰ ਸਜਾਇਆ ਗਿਆ, ਜਿਸ ਵਿਚ ਬਾਲਕ ਦਲੀਪ ਸਿੰਘ ਆਪਣੇ ਪਿਤਾ ਜੀ ਦੇ ਤਖ਼ਤ ਤੇ ਅਖੀਰਲੀ ਵਾਰ ਬੈਠਾ। ਸਮੂਹ ਦਰਬਾਰੀਆਂ ਦੇ ਚਿਹਰੇ ਕੁਮਲਾਏ ਹੋਏ ਸਨ। ਉਹ ਹਰ ਨੁਕਤਾ ਨਿਗਾਹ ਨਾਲ ਢਹਿੰਦੀਆਂ ਕਲਾਂ ਦਾ ਨਕਸ਼ਾ ਪੇਸ਼ ਕਰ ਰਹੇ ਸਨ। ਹਰ ਇਕ ਸਰਦਾਰ ਦੇ ਦਿਲ ਅੰਦਰ ਸਹਿਮ ਪਰਤੀਤ ਹੋ ਰਿਹਾ ਸੀ, ਸਭ ਹਥਿਆਰਾਂ ਤੋਂ ਖਾਲੀ ਸਨ। ਐਲੀਅਟ ਸਾਹਿਬ ਅਤੇ ਸਰ ਹੈਨਰੀ ਲਾਰੰਸ ਦੇ ਆਉਣ ਤੇ ਸਭ ਨੇ ਬਾਹਰਲੇ ਦਰਵਾਜੇ ਅਗੇ ਉਹਨਾਂ ਦਾ ਸੁਆਗਤ ਕੀਤਾ। ਜਦੋਂ ਸਭ ਆਪੋ ਆਪਣੀ ਥਾਂ ਤੇ ਬਹਿ ਗਏ ਤਾਂ ਇਸ ਭਾਵ ਦਾ ਇੱਕ ਐਲਾਨ ਫ਼ਾਰਸੀ ਭਾਸ਼ਾ ਵਿਚ ਪੜ੍ਹ ਕੇ ਸੁਣਾਇਆ ਗਿਆ ਕਿ ਹੁਣ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਹ ਐਲਾਨ ਸੁਣਦਿਆਂ ਸਾਰੇ ਸਰੋਤਿਆਂ ਦੇ ਦਿਲਾਂ ਵਿਚ ਕਾਤੀ ਜਿਹੀ ਫਿਰ ਗਈ। ਦੀਵਾਨ ਦੀਨਾ ਨਾਥ ਨੇ , ਅੱਥਰੂਆਂ ਦੀ ਝੜੀ ਵਿਚ ਐਲਾਨ ਦੀ ਵਿਰੋਧਤਾ ਕਰਦਿਆ ਹੋਇਆ ਕਿਹਾ ਕਿ ਇਸ ਸਮੇਂ ਬਰਤਾਨਵੀ ਸਰਕਾਰ ਨੂੰ ਉਦਾਰਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਗੱਲ ਵਿਚਾਰ ਯੋਗ ਹੈ ਕਿ ਨਪੋਲੀਅਨ ਬੋਨਾਪਾਰਟ ਨੂੰ ਹਰਾਉਣ ਤੋਂ ਪਿਛੋਂ, ਫਰਾਂਸ ਉਸਦੇ ਅਸਲ ਵਾਰਸਾਂ ਨੂੰ ਸਉਂਪ ਦਿੱਤਾ ਗਿਆ ਸੀ। "ਇਸ ਲਈ ਇਸ ਵੇਲੇ ਪੰਜਾਬ ਮਹਾਰਾਜਾ ਦਲੀਪ ਸਿੰਘ ਦੇ ਹਵਾਲੇ ਕਿਉਂ ਨਾ ਕੀਤਾ ਜਾਵੇ ?" ਇਸ ਦੇ ਉਤਰ ਵਿਚ ਦੀਵਾਨ ਸਾਹਿਬ ਨੂੰ ਸਖਤ ਝਾੜ ਪਾਉਂਦਿਆਂ ਹੋਇਆਂ ਐਲੀਅਟ ਸਾਹਿਬ ਨੇ ਆਖਿਆ "ਚੁੱਪ ਹੋ ਜਾਉ। ਵਰਨਾਂ ਕਾਲੇ ਪਾਣੀ ਭੇਜ ਦੀਏ ਜਾਉਗੇ।"[1]

ਹੁਣ ਬਹੁਤ ਸਾਰੇ ਸਿੱਖ ਸਰਦਾਰ ਤਾਂ ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈਆਂ ਲੜਾਈਆਂ ਵਿਚ ਜੂਝ ਗਏ ਸਨ। ਜਿਹਨਾਂ ਨੂੰ ਸਰਕਾਰ ਖਰੀਦ ਨਹੀਂ ਸੀ ਸੱਕੀ ਮਹਾਰਾਣੀ ਜਿੰਦ ਕੌਰ ਜਿਉ ਅਟਾਰੀ ਵਾਲੇ ਸਰਦਾਰ, ਦੀਵਾਨ ਮੂਲਰਾਜ, ਲਾਲ ਸਿੰਘ ਮੋਰਾਰੀਆ, ਮਹਿਤਾਬ ਸਿੰਘ ਮਜੀਠੀਆ, ਹਾਕਿਮ ਰਾਇ, ਕੰਵਰ ਕਿਸ਼ਨ ਸਿੰਘ, ਅਰਜਨ ਸਿੰਘ ਅਤੇ ਦੀਵਾਨ ਬੂਟਾ ਸਿੰਘ ਆਦਿ

ਨੂੰ ਗਿਰਫਤਾਰ ਕਰਕੇ ਅਲਾਹਬਾਦ ਕਿਲੇ ਵਿੱਚ ਭੇਜ ਦਿੱਤੇ ਗਏ ਸਨ। ੧੮੪੯ ਈ. ਵਿਚ ਭਾਈ ਮਹਾਰਾਜ ਸਿੰਘ ਨੂੰ ਮਹਾਰਾਜ ਦਲੀਪ ਸਿੰਘ ਨੂੰ, ਅੰਗਰੇਜ਼ੀ ਹਿਰਾਸਤ ਵਿਚੋਂ ਖੋਹਣ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਬਦੇਸ਼ ਭੇਜ ਦਿੱਤਾ ਗਿਆ ਸੀ। ਜਿਹਨਾਂ ਦਾ ਕੁਝ ਵਰ੍ਹੇ ਬਾਦ ਸਿੰਘਾਪੁਰ ਵਿਚ ਦੇਹਾਂਤ ਹੋ ਗਿਆ ਸੀ। ਹੁਣ ਅੰਗਰੇਜ਼ ਸਰਕਾਰ ਇਕ ਤਰ੍ਹਾਂ ਨਾਲ ਸਮੁੱਚੀ ਪੰਜਾਬੀ ਜਨਤਾ ਨੂੰ ਆਗੂ ਰਹਿਤ ਕਰ ਕੇ ਬੇਫਿਕਰ ਹੋ ਗਈ ਸੀ ਅਤੇ ਆਪਣੇ ਪਾਲਤੂ ਵਫਾਦਾਰਾਂ ਨੂੰ ਮਾਨ ਸਨਮਾਨਾਂ ਅਤੇ ਜਗੀਰਾਂ ਜਾਇਦਾਦਾਂ ਨਾਲ ਨਿਵਾਜ ਰਹੀ ਸੀ। ਪੰਜਾਬੀ ਸ਼ੇਰਾਂ ਨੂੰ ਪਿੰਜਰੇ ਵਿਚ ਪਾ ਲੈਣ ਦਾ ਬਸਤੀ ਵਾਦੀ ਅੰਗਰੇਜ਼ ਹਾਕਮਾਂ ਦਾ ਭਰਮ ਛੇਤੀ ਹੀ ਟੁੱਟ ਗਿਆ। ੧੨ ਅਪ੍ਰੈਲ ੧੮੫੭ ਮੁਤਾਬਿਕ ਵੈਸਾਖੀ ੧੯੧੪ ਬਿਕ੍ਰਮੀ ਨੂੰ ਜ਼ਿਲ੍ਹਾ ਲੁਧਿਆਣਾ ਦੇ ਇੱਕ ਛੋਟੇ ਜਿਹੇ ਪਿੰਡ, ਜਿਸਨੂੰ ਪਹਿਲਾਂ ਭੈਣੀ ਰਾਈਆਂ ਅਤੇ ਹੁਣ ਸ੍ਰੀ ਭੈਣੀ ਸਾਹਿਬ ਕਿਹਾ ਜਾਣ ਲੱਗਾ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਦੀ ਪੁਨਰ ਸਥਾਪਨਾ ਕਰ ਕੇ, ਗੁਲਾਮੀ ਦੀਆਂ ਬੇੜੀਆਂ ਕੱਟਣ ਲਈ, ਇਕ ਵਿਆਪਕ ਸੰਘਰਸ਼ ਦਾ ਮੁੱਢ ਬੰਨ ਦਿੱਤਾ। ਸ੍ਰੀ ਸਤਿਗੁਰੂ ਜੀ ਜਿਹਨਾਂ ਦਾ ਅਵਤਰਣ ੧੮੭੨ ਬਿਕ੍ਰਮੀ ਦੀ ਬਸੰਤ ਪੰਚਮੀ ਮੁਤਾਬਿਕ ੩ ਫਰਵਰੀ ੧੮੧੬ ਰਾਈਆਂ ਪਿੰਡ ਦੇ ਇਕ ਰਾਮਗੜ੍ਹੀਆ ਕਿਰਤੀ ਸਿੱਖ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਿਹਿ ਵਿਖੇ ਹੋਇਆ ਸੀ ਆਪਣੀ ਭਰ ਜੁਆਨੀ ਦੇ ੯ ਵਰ੍ਹੇ ੧੮੪੫ ਈ. ਤੱਕ ਲਹੌਰ, ਸਿੱਖ ਸੈਨਾ ਵਿਖੇ ਬਿਤਾ ਚੁੱਕੇ ਸਨ। ਇਸ ਸਮੇਂ ਦੌਰਾਨ ਹੀ ੧੮੪੧ ਈ. ਵਿਚ ਹਜ਼ਰੋ ਦੇ ਸਥਾਨ ਤੇ ਸੰਗਤਾਂ ਵਿਚ ਗੁਰ ਸਿੱਖੀ ਦਾ ਪਰਚਾਰ ਕਰਨ ਵਾਲੇ ਗੁਰੂ ਬਾਲਕ ਸਿੰਘ ਜੀ ਤੋਂ ਆਪ ਜੀ ਨੂੰ ਨਾਮ ਦੀ ਦਾਤ ਦੀ ਪਰਾਪਤੀ ਹੋਈ ਅਤੇ ਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ "ਈਸ਼ਵਰੀ ਅਵਤਾਰ" ਸਮਝ ਕੇ ਅਤੇ ਸੁਪਾਤਰ ਜਾਣ ਕੇ ਆਪਣੇ ਵੱਲੋਂ ਗੁਰਤਾ ਦੀ ਦਾਤ ਵੀ ਅਰਪਣ ਕਰਕੇ, ਉਹ ਵਚਨ ਵੀ ਪੂਰਾ ਕਰ ਦਿੱਤਾ ਜੋ ਇਕ ਵੇਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ, ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ, ਦਰਸ਼ਨ ਦੇ ਕੇ ਕਿਹਾ ਸੀ ਕਿ ਰਾਮ ਸਿੰਘ ਵਿਚ ਮੇਰੇ ਅਵਤਾਰੀ ਅੰਸ਼ ਮੌਜੂਦ ਹੋਣਗੇ। ੧੫-੧੬ ਸਾਲ ਹੋਰ ਫੌਜ, ਰਾਜਗੀਰੀ, ਖੇਤੀਬਾੜੀ ਅਤੇ ਵਣਜ ਵਪਾਰ ਕਰਨ ਤੋਂ ਬਾਅਦ ਆਪ ਨੇ ਆਪਣੇ ਅਧਿਆਤਮਕ ਰਾਜਨੀਤਕ ਮਿਸ਼ਨ ਦੀ ਪੂਰਤੀ ਹਿਤ ਯਤਨ ਅਰੰਭ ਦਿਤੇ।

ਸਿੱਖ ਜੀਵਨ ਦਾ ਧੁਰਾ ਗੁਰਬਾਣੀ ਹੈ। ਆਪ ਨੇ ਆਪਣੀ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੋੜਿਆ ਇਸ ਸਮੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਪਿੰਡਾਂ ਸ਼ਹਿਰਾਂ ਦੀਆਂ ਧਰਮਸ਼ਾਲਾਂ ਵਿੱਚ ਰੁਮਾਲਿਆਂ ਵਿਚ ਵਲ੍ਹੇਟੀਆਂ ਪਈਆਂ ਸਨ। ਕਿਤੇ ਸਿਉਂਕ ਨੇ ਅੰਗ ਹੀ ਸਾਫ ਕਰ ਦਿਤੇ ਸਨ। ਕਿਤੇ ਚੂਹੇ ਰੁਮਾਲਿਆਂ ਨੂੰ ਟੁੱਕ ਰਹੇ ਸਨ। ਇਹਨਾਂ ਬੀੜਾਂ ਨੂੰ ਵਰ੍ਹਿਆਂ ਬੱਧੀ ਕੋਈ ਪ੍ਰਕਾਸ਼ ਕਰਨ ਵਾਲਾ ਨਜ਼ਰ ਨਹੀਂ ਸੀ ਆ ਰਿਹਾ। ਸਤਿਗੁਰੂ ਜੀ ਜਿਸ ਪਿੰਡ ਵਿੱਚ ਜਾਂਦੇ ਪਹਿਲਾਂ ਧਰਮਸ਼ਾਲਾ ਵਿਚੋਂ ਬੀੜਾਂ ਦੀ ਖੋਜ ਕਰ ਕੇ ਪੂਰੇ ਅਦਬ ਸਤਿਕਾਰ ਨਾਲ ਉਹਨਾਂ ਦਾ ਪ੍ਰਕਾਸ਼ ਕਰ ਕੇ ਅਤੇ ਸੰਗਤ ਨੂੰ ਰੋਜ਼ਾਨਾ ਪਾਠ ਕਰ ਕੇ ਬਾਣੀ ਦਾ ਸਤਿਕਾਰ ਬਹਾਲ ਕਰਨ ਲਈ ਪਰੇਰਦੇ। ਮਹਾਰਾਣੀ ਜਿੰਦ ਕੌਰ ਦਾ ਦੀਵਾਨ, ਬੂਟਾ ਸਿੰਘ ਅਲਾਹਬਾਦ ਕਿਲ੍ਹੇ ਵਿਚ ਸੱਤ ਸਾਲ ਕੈਦ ਕੱਟ ਕੇ ਆਉਣ ਬਾਅਦ ਆਪ ਦੀ ਸੋਅ ਸੁਣ ਕੇ ਨਾਮਧਾਰੀ ਸਿੰਘ ਸਜ ਗਿਆ ਅਤੇ ਲਹੌਰ ਵਿਚ ਉਸਨੇ "ਆਫਤਾਬ ਪੰਜਾਬ ਪਰੈਸ" ਨਾਮ ਦਾ ਇਕ ਵੱਡਾ ਛਾਪਾ ਖਾਨਾ ਖੋਹਲ ਲਿਆ। ਹੁਣ ਤੱਕ ਪਵਿੱਤਰ ਗੁਰੂ ਬਾਣੀ ਦੀਆਂ ਬੀੜਾਂ ਹੱਥ ਲਿਖਤ ਹੀ ਸਨ। ਸਤਿਗੁਰੂ ਜੀ ਨੇ ਆਪਣੇ ਪਾਸੋਂ ਮਾਇਆ ਖਰਚ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਪੰਜ ਗਰੰਥੀ ਅਤੇ ਨਿਤਨੇਮ ਦੇ ਹੋਰ ਗੁਟਕੇ ਪੋਥੀਆਂ ਇਸ ਪਰੈਸ ਵਿਚੋਂ ਛਪਵਾ ਕੇ ਗੁਰਦੁਆਰਿਆਂ ਵਿਚ ਪ੍ਰਕਾਸ਼ ਕਰਵਾਏ। ਇਉਂ ਪਹਿਲੀ ਵੇਰ ਵੱਡੀ ਪੱਧਰ ਤੇ ਗੁਰਬਾਣੀ ਦਾ ਪੰਜਾਬ ਵਿਚ ਪਰਚਾਰ ਪਰਸਾਰ ਸੰਭਵ ਹੋ ਗਿਆ। ਗੁਰਬਾਣੀ ਦੇ ਰੋਜ਼ਾਨਾ ਪਾਠ, ਨਾਮ ਸਿਮਰਨ ਤੋਂ ਬਾਅਦ ਆਪ ਨੇ ਸਿੱਖੀ ਜੀਵਨ ਵਿਚ ਆਏ ਨਿਘਾਰ ਨੂੰ ਦੂਰ ਕਰਨ ਲਈ ਸ੍ਰੀ ਭੈਣੀ ਸਾਹਿਬ ਤੋਂ ਆਮ ਸੰਗਤ ਦੇ ਨਾਮ ਇਕ ਰਹਿਤਨਾਮਾ ਜਾਰੀ ਕੀਤੀ ਜਿਸ ਵਿਚ ਦਰਜ ਸੀ ਕਿ ਆਪਣੇ ਪੈਰੋਕਾਰ ਕੂਕੇ ਜਾਂ ਨਾਮਧਾਰੀ ਸਿੱਖ ਸਵਾ ਪਹਿਰ ਰਾਤ ਰਹਿੰਦੀ ਉਠਕੇ ਸਕੇਸ਼ ਇਸ਼ਨਾਨ ਕਰ ਕੇ ਨਾਮ ਬਾਣੀ ਦਾ ਜਾਪ ਕਰਣਗੇ। ਬਾਣੀ ਕੰਠ ਕਰਣਗੇ। ਮਾਸ ਸ਼ਰਾਬ ਜਾਂ ਕਿਸੇ ਕਿਸਮ ਦਾ ਨਸ਼ਾ ਨਹੀਂ ਕਰਣਗੇ। ਪੰਜ ਕਕਾਰ ਧਾਰਨ ਕਰਣਗੇ। ਕਿਰਪਾਨ ਤੇ ਪਾਬੰਦੀ ਲਾ ਦਿੱਤੀ ਗਈ ਸੀ ਇਸ ਲਈ ਸਫਾ ਜੰਗ— ਟਕੂਆ-ਜਾ ਮਜ਼ਬੂਤ ਲਾਠੀ ਰੱਖਣਗੇ। ਵਿਆਜ ਜਾਂ ਡੇਹਢੀ ਦੂਣੀ ਜਿਣਸ ਗਰੀਬਾਂ ਤੋਂ ਨਹੀਂ ਲੈਣਗੇ। ਨਾਰੀ ਜਾਤੀ ਤੇ ਆਪ ਦੇ ਬਹੁਤ ਉਪਕਾਰ ਹਨ। ਬਾਲ ਵਿਆਹ ਬੰਦ ਕੀਤਾ। ਵੱਟੇ ਤੇ ਰੋਕ ਲਾਈ। ਕੁੜੀਆਂ ਵੇਚਣ ਤੇ ਮਾਰਨ ਤੇ ਵੀ ਮੁਕੰਮਲ ਰੋਕ ਲਾਈ। ਵਿਧਵਾ ਵਿਆਹ ਉਤਸ਼ਾਹਿਤ ਕੀਤਾ। ਵਿਹਲੜਪਣ ਤੇ ਰੋਕ ਲਾ ਕੇ ਹਰ ਨਾਮਧਾਰੀ ਲਈ ਕਿਰਤ ਨੂੰ ਰੋਜ਼ਾਨਾ ਜੀਵਨ ਦਾ ਅੰਗ ਬਣਾਇਆ। ਪੰਜਾਬੀ ਭਾਸ਼ਾ ਗੁਰਮੁਖੀ

ਅੱਖਰਾਂ ਵਿਚ, ਹਰ ਮਾਈ ਭਾਈ ਬੱਚੇ-ਬੁੱਢੇ ਲਈ ਪੜ੍ਹਨੀ ਲਾਜ਼ਮੀ ਕਰਾਰ ਦਿੱਤੀ ਤਾਂ ਜੁ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਨਾਲ ਜੁੜਿਆ ਜਾ ਸਕੇ। ਚੋਰੀ, ਯਾਰੀ ਠੱਗੀ, ਛਲ ਕਪਟ, ਹੇਰਾ ਫੇਰੀ ਨੂੰ ਆਪਣੇ ਸਮਾਜ ਵਿਚੋਂ ਪੂਰੀ ਤਰ੍ਹਾਂ ਵਿਵਰਜਤ ਕੀਤਾ। ਕਿਸੇ ਦਾ ਵੀ ਮੰਦਾ ਕਰਮ ਨਾ ਛਿਪਾਉਣ ਦੀ ਹਦਾਇਤ ਕੀਤੀ। ਐਸੇ ਪੁਰਖਾਂ ਦਾ ਜੋ ਵਾਰ-ਵਾਰ ਸਮਝਾਇਆਂ ਵੀ ਸੁਧਰਦੇ ਨਹੀਂ ਸਨ, ਆਪਣੀ ਸੰਗਤ ਵਿਚ ਦਾਖਲਾ ਬੰਦ ਕਰ ਦਿੱਤਾ। ਬੋਲ ਕੁਬੋਲ ਸਹਿ ਜਾਣ ਲਈ ਕਿਹਾ। ਇਸ ਤਰ੍ਹਾਂ ਦੇ ਸਦਗੁਣਾਂ ਦੇ ਧਾਰਨੀ, ਜਾਗੇ ਹੋਏ ਮਨੁੱਖਾਂ ਵਿਚ ਫਿਰ ਦੇਸ਼-ਪ੍ਰੇਮ ਦੀ ਚਿਣਗ ਬਾਲ ਦਿੱਤੀ।

ਆਪ ਨੇ ਸਮਝ ਲਿਆ ਸੀ ਕਿ ਅੰਗਰੇਜ਼ ਬਸਤੀਵਾਦੀ ਸਰਕਾਰ, ਵਿਉਪਾਰਕ ਸਰਮਾਏਦਾਰੀ ਦੀ ਨੁਮਾਇੰਦਗੀ ਕਰਦੀ ਹੈ। ਇਸ ਲਈ ਇਸ ਦਾ ਮੁਕਾਬਲਾ ਕਰਨ ਲਈ ਅਸਹਿਯੋਗ ਅੰਦਲੋਨ ਚਲਾਇਆ ਜਾਵੇ। "ਐਨਸਾਈਕਲੋਪੀਡੀਆ ਬਿਰਟੇਨਿਕਾ" ਦੇ ਮੁਤਾਬਿਕ— (ਸਤਿਗੁਰੂ) "ਰਾਮ ਸਿੰਘ ਸਿੱਖ ਦਾਰਸ਼ਨਿਕ ਅਤੇ ਸਮਾਜ ਸੁਧਾਰਕ ਅਤੇ ਪਹਿਲਾ ਭਾਰਤੀ ਸੀ, ਜਿਸਨੇ ਬਰਤਾਨਵੀ ਵਸਤੂਆਂ ਅਤੇ ਸੇਵਾਵਾਂ ਦੇ ਬਾਈਕਾਟ ਅਤੇ ਅਸਹਿਯੋਗ ਨੂੰ ਇਕ ਸਿਆਸੀ ਹਥਿਆਰ ਜਿਉ ਵਰਤਿਆ।"

ਕੌਮੀ ਸਵੈਮਾਨ ਨੂੰ ਗੋਰਾਸ਼ਾਹੀ ਦੇ ਹੈਂਕੜ ਭਰੇ ਹੁਕਮਾਂ ਅੱਗੇ ਰੁਲਦਿਆਂ ਵੇਖ ਕੇ, ਆਪ ਨੇ ਕੂਕਾ ਜਥੇਬੰਦੀ ਨੂੰ, ਆਪਣੇ ਵਡੇਰੇ ਕਾਰਜਾਂ ਦੀ ਪੂਰਤੀ ਹਿਤ ਤਿਆਰ ਕਰਨ ਲਈ, ਇਕ ਸ਼ਕਤੀਸ਼ਾਲੀ ਸੰਗਠਨ ਦੇ ਰੂਪ ਵਿਚ ਉਸਾਰਿਆ। ਜਿਹਨਾਂ ਦੀ ਗ਼ੈਰਤ ਅਜੇ ਮਰ ਮਿਟੀ ਨਹੀਂ ਸੀ, ਉਹ ਸਭ ਆਪ ਦੇ ਬੁਲਾਏ ਸਫੇਦ ਧਵਜ ਹੇਠਾਂ ਇੱਕਠੇ ਹੋਣੇ ਸ਼ੁਰੂ ਹੋ ਗਏ। ਅਜੇ ਕੱਲ੍ਹ ਪਰਸੋਂ ਹੀ ਤਾਂ ਇੱਥੇ ਪੰਜਾਬੀਆਂ ਦਾ ਸਾਂਝਾ ਰਾਜ ਸੀ, ਜਿੱਥੇ ਕਵੀ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ —

"ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਵੱਡੀ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਕਵੀ ਸ਼ਾਹ ਮੁਹੰਮਦ ਦੇ ਸਮੇਂ, ਉਨ੍ਹੀਵੀਂ ਸਦੀ ਦੇ ਅੱਧ ਤੱਕ ਅਜੇ ਇਕ ਰਾਸ਼ਟਰ ਦਾ ਸੰਕਲਪ ਅਤੇ ਉਸ ਨਾਲ ਜੁੜੀਆਂ ਕੌਮੀਅਤਾਂ ਦੀ ਪਹਿਚਾਣ ਦਾ ਮਸਲਾ ਏਨਾ ਉਭਰਿਆ ਨਹੀਂ ਸੀ ਇਸ ਲਈ ਉਹ ਹਿੰਦੂ ਸ਼ਬਦ ਨੂੰ ਵੀ ਸਿੱਖ ਦੀ ਪਰਿਆਇਵਾਚੀ ਸ਼ਬਦਾਵਲੀ ਵਿਚ ਰੱਖ ਕੇ, ਦੂਜੀ ਧਿਰ ਮੁਸਲਮਾਨ ਅਤੇ ਤੀਜੀ ਜ਼ਾਤ ਅੰਗਰੇਜ਼ਾਂ ਨੂੰ ਗਿਣਦਾ ਹੈ। ਸਾਡਾ ਇਹੋ ਸ਼ਾਇਰ ਹਿੰਦੂ ਮੁਸਲਿਮ ਭਾਈਚਾਰੇ ਦਾ ਉੱਚ-ਮੁਲੰਕਣ ਕਰਦਾ ਹੋਇਆ ਅੰਗਰੇਜ਼ਾਂ ਨੂੰ ਪੈਸੇ ਦੀ ਪੀਰ ਅਤੇ ਟਕਿਆਂ ਦੇ ਲੋਭੀ ਦੱਸਦਾ ਹੋਇਆ ਉਹਨਾਂ ਦੀਆਂ ਵਪਾਰਕ ਖਸਲਤਾਂ ਦੀ ਨਿਖੇਧੀ ਵੀ ਕਰਦਾ ਹੈ :-

"ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਉਹਦੇ ਨਾਲ ਕੀ ਕਿਸੇ ਦਾ ਵਾਸਤਾ ਈ।
ਉਹਦੇ ਦੇ ਨਾਲ ਨਾ ਬੈਠ ਕੇ ਗੱਲ ਕਰਨੀ
ਖੁਦੀ ਆਪਣੀ ਵਿਚ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ
ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ ॥ ੧੦੩ ॥

ਸਿੰਘਾਂ ਦੇ ਕੰਮ ਨੂੰ ਰਾਹ ਰਸਤੇ ਲਿਆਉਣ ਦਾ ਕੰਮ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਪੰਥ ਦੀ ਸਿਰਜਨਾ ਦੁਆਰਾ ਕੀਤਾ। ਆਪ ਦੀ ਸਿੱਖਿਆ ਦਾ ਸਾਰ ਤੱਤ ਭਾਈ ਨਾਹਰ ਸਿੰਘ ਜੀ ਦੇ ਇਹਨਾਂ ਸ਼ਬਦਾਂ ਵਿਚ ਅੰਕਿਤ ਹੈ — "ਗੁਰੂ ਰਾਮ ਸਿੰਘ ਜੀ ਨੇ ਸਿੱਖੀ ਧਰਮ, ਸੇਵਾ, ਪਰਉਪਕਾਰ, ਸਵੱਛ ਰਹਿਣੀ, ਸਦਾਚਾਰ ਭਰੀ ਬਹਿਣੀ, ਸੱਚ ਕਹਿਣੀ ਅਤੇ ਨਿਰਮਲ ਕਰਨੀ ਦੀਆਂ ਉਚੀਆਂ ਸਿਕਸ਼ਾਵਾਂ ਦਿੱਤੀਆਂ। ਕੁਰੀਤੀਆਂ ਅਤੇ ਭੈੜੇ ਰਿਵਾਜਾਂ ਤੋਂ ਸਾਫ ਕਰਕੇ, ਸਾਦਾ ਜੀਵਨ ਬਿਤਾਉਣ ਦੀਆਂ ਜਾਚਾਂ ਦੱਸਿਆਂ। ਆਪ ਜੀ ਦਾ ਇਹ ਪੱਕਾ ਨਿਸ਼ਚਾ ਸੀ, ਕਿ ਕੋਈ ਭੀ ਦੇਸ਼ ਯਾ ਕੌਮ ਸਿਆਸੀ ਤੌਰ ਤੇ ਪਰਾਧੀਨ ਯਾ ਗੁਲਾਮ ਰਹਿ ਕੇ ਆਤਮਿਕ, ਸਮਾਜਿਕ ਅਤੇ ਆਰਥਿਕ ਤਰੱਕੀ ਨਹੀਂ ਕਰ ਸੱਕਦਾ। ਕੌਮੀ ਤਰੱਕੀ ਲਈ ਸਭ ਤੋਂ ਪਹਿਲੋਂ ਇਹ ਜ਼ਰੂਰੀ ਹੈ ਕਿ ਸਮਾਜ ਦਾ ਹਰ ਇੱਕ ਇਨਸਾਨ, ਆਪਣੀ ਰੋਜ਼ੀ ਕਮਾਉਣ ਦੇ ਵਸੀਲਿਆਂ ਵਿਚ ਕਿਸੇ ਹੋਰ ਦਾ ਦਾਸ ਨਾ ਹੋਵੇ। ਉਸ ਪਾਸ ਸ਼ਰੀਰਕ ਬਲ, ਅਕਲ, ਸਾਹਸ, ਨਰੋਆ ਸ਼ਰੀਰ, ਮਿਹਨਤ ਕਰਨ ਦੀ ਆਦਤ ਹੁੰਦਿਆਂ ਹੋਇਆਂ, ਉਹ ਉਪ ਜੀਵਕਾ ਹਾਸਲ ਕਰਨ ਲਈ, ਕਿਸੇ ਧਨਵਾਨ ਅਤੇ ਸ਼ਾਹੂਕਾਰ ਦਾ ਮੁਥਾਜ ਨਾ ਹੋਵੇ। ਆਪ ਜੀ ਦਾ ਉਪਦੇਸ਼ ਸੀ ਕਿ ਹਰ ਇੱਕ ਆਦਮੀ ਹੱਥੀਂ ਮਿਹਨਤ ਕਰਕੇ ਜੀਵਨ ਬਿਤਾਵੇ। ਕੋਈ ਵਿਹਲਾ ਨਾ ਰਹੇ। ਨਾ ਹੀ ਧਰਮ ਦੇ ਨਾਮ ਤੇ ਅਤੇ ਨਾ ਹੀ ਧਨੀ ਹੋਣ ਦੀ ਹੈਸੀਅਤ ਵਿਚ। ਧੋਖੇ ਨਾਲ ਧਨ ਇੱਕਠਾ ਕਰਕੇ ਇਤਨੇ ਉੱਚੇ ਬਨਣ ਦੀ ਕੋਸ਼ਿਸ਼ ਨਾ ਕਰੋ ਕਿ ਨਾਲ ਰਹਿਣ ਵਾਲੇ ਹਜ਼ਾਰਾਂ ਗ਼ਰੀਬਾਂ

ਦੀਆਂ ਟੁੱਟੀਆਂ ਛੰਨਾਂ ਦੇ ਕੋਲ, ਤੁਹਾਡਾ ਹੀ ਇਕੋ ਇੱਕ ਮਹੱਲ ਹੋਵੇ। ਇਸ ਕੋਸ਼ਿਸ਼ ਵਿਚ ਜੀਵਨ ਬਤੀਤ ਨਾ ਕਰੋ ਕਿ ਸਭ ਦਾ ਧਨ ਇੱਕਠਾ ਕਰਕੇ ਧਜਾਂ ਲਾ ਕੇ, ਉਪਰ ਜੋਤਾਂ ਜਗਾਈਆਂ ਜਾਣ। ਸਗੋਂ ਇਹ ਉਦਮ ਕਰੋ ਕਿ ਗਰੀਬ ਬੰਦੇ ਦਰਿੱਦਰਤਾ ਦੇ ਚਿੱਕੜ ਵਿਚੋਂ ਨਿਕਲ ਕੇ, ਇਨਸਾਨੀ ਭਾਈਚਾਰੇ ਵਿਚ, ਤੁਹਾਡੇ ਨਾਲ ਇਕ ਸਨਮਾਨ ਵਾਲੀ ਥਾਂ ਤੇ ਖਲੋ ਸੱਕਣ। ਧਨ, ਜਾਇਦਾਦ, ਵਿਦਿਆ, ਜਪ, ਤਪ, ਭਜਨ, ਬੰਦਗੀ ਆਦਿ ਤੋਂ ਪਰਾਪਤ ਫੋਕੀ ਵਡਿਆਈ ਨੂੰ ਤੋੜਨ ਲਈ, ਇਹ ਰਿਵਾਜ ਚਲਾਇਆ ਕਿ ਮਿਲਣ ਸਮੇਂ ਇਕ ਨਾਮਧਾਰੀ ਦੂਸਰੇ ਨਾਮਧਾਰੀ ਦੇ ਚਰਨਾਂ ਨੂੰ ਹੱਥ ਜ਼ਰੂਰ ਲਾਵੇ। ਆਪ ਜੀ ਦੇ ਖਿਆਲਾਂ ਅਨੁਸਾਰ ਸਮਾਜ ਸਮਾਨਤਾ ਦਾ ਯੁੱਗ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਵੱਡਿਆਂ ਨੂੰ ਨੀਵੀਂ ਪੱਧਰ ਤੇ ਲਿਆਂਦਾ ਜਾਵੇ ਅਤੇ ਨੀਵਿਆਂ ਨੂੰ ਚੁੱਕ ਉਚੀ ਥਾਂ ਤੇ ਲਿਆ ਖੜਾ ਦਿੱਤਾ ਜਾਵੇ।"[2]

ਆਪ ਦੇ ਸੰਗਠਨ ਦੀ ਮੁੱਢਲੀ ਇਕਾਈ ਕਿਸੇ ਵੀ ਪਿੰਡ ਜਾਂ ਨਗਰ ਦੀ ਨਾਮਧਾਰੀ ਸੰਗਤ ਸੀ। ਇਸ ਸੰਗਤ ਦਾ ਇਕ ਮੁਖੀ ਸਿੰਘ ਹੁੰਦਾ ਸੀ ਜਿਸਨੂੰ ਕਈ ਵੇਰ ਮਹੰਤ ਜਾਂ ਜਥੇਦਾਰ ਵੀ ਕਹਿ ਦਿੱਤਾ ਜਾਂਦਾ ਸੀ। ਕਈ ਪਿੰਡਾਂ ਜਾਂ ਤਪਿਆਂ ਦੀ ਸੰਗਤ ਦੇ ਵੀ ਇੱਕ ਜਥੇਦਾਰ ਹੁੰਦਾ ਸੀ। ਜ਼ਿਲ੍ਹੇ ਵਾਸਤੇ ਇੱਕ ਸੂਬਾ ਜਾਂ ਵੱਡਾ ਜ਼ਿਲ੍ਹਾ ਹੋਣ ਤੇ ਇੱਕ ਜਾਂ ਦੋ ਸੂਬੇ ਉਸ ਦੇ ਮਾਤਹਿਤ ਵੀ ਹੁੰਦੇ ਸਨ। ਕੁਝ ਸੂਬੇ ਬਦੇਸ਼ਾਂ ਵਿਚ ਪਰਚਾਰ ਲਈ ਵੀ ਥਾਪੇ ਗਏ ਸਨ। ਜਿਹੜੇ ਪਹਿਲੇ ਪੰਜ ਸੂਬੇ ਆਪ ਨੇ ਥਾਪੇ ਸਨ ਉਹ ਸਨ :-

੧) ਸੂਬਾ ਜਵਾਹਰ ਸਿੰਘ "ਡਰੋਲੀ ਭਾਈ" (ਫੀਰੋਜ਼ਪੁਰ) ੨) ਸੂਬਾ ਕਾਹਨ ਸਿੰਘ 'ਚੱਕ-ਕੂਕਿਆਂ ਦਾ" ਰਿਆਸਤ ਮਲੇਰ ਕੋਟਲਾ ੩) ਸੂਬਾ ਸੁੱਧ ਸਿੰਘ 'ਮਢੌਰ" (ਅੰਬਾਲਾ) ੪) ਸੂਬਾ ਸਾਹਿਬ ਸਿੰਘ "ਬੰਗਾਲੀ ਪੁਰ" (ਅੰਮ੍ਰਿਤਸਰ) ੫) ਸੂਬਾ ਲੱਖਾ ਸਿੰਘ 'ਮਲੌਦ" (ਲੁਧਿਆਣਾ)

ਇਹ ਪੰਜੇ ਕੂਕਾ-ਕੇਂਦਰ ਸ੍ਰੀ ਭੈਣੀ ਸਾਹਿਬ ਦੇ ਪੰਚਾਇਤੀ ਸੂਬੇ ਸਨ। ਪ੍ਰਧਾਨ ਸੂਬੇ ਜਵਾਹਰ ਸਿੰਘ ਸਨ। ਜਦੋਂ ੧੮੬੩ ਈ. ਵਿਚ ਖੋਟਿਆਂ ਦੇ ਅਨੰਦ ਕਾਰਜਾਂ ਦੀ ਮਰਿਆਦਾ ਸ਼ੁਰੂ ਕਰਨ ਬਾਦ, ਕੂਕਿਆਂ ਦੁਆਰਾ ਵੱਡੀ ਪੱਧਰ ਤੇ ਮੜ੍ਹੀਆਂ ਗੋਰਾਂ ਆਦਿ ਢਾਹੁਣ ਤੋਂ ਬਾਅਦ ਪੰਜਾਬ ਸਰਕਾਰ ਨੇ ਸਤਿਗੁਰੂ ਜੀ ਦੇ ਪਰਚਾਰ ਰਾਹੀਂ ਨਾਮਧਾਰੀ ਸੰਗਠਨ ਵਿਚੋਂ ਬਗਾਵਤ ਉਭਰਦੀ ਅਨੁਭਵ ਕਰ ਕੇ, ਆਪ ਨੂੰ ਪੰਜਾਬ ਵਿਚ ਖੁੱਲ੍ਹਮ ਖੁੱਲ੍ਹਾ ਪਰਚਾਰ ਦੌਰੇ ਕਰਨ ਦੇਣ ਦੀ ਰੋਕ ਲਾ ਕੇ ਸ੍ਰੀ ਭੈਣੀ ਸਾਹਿਬ ਵਿੱਚ ਪੰਜ ਸੂਬਿਆਂ ਸਮੇਤ ਜੂਹਬੰਦ ਕਰ ਦਿੱਤਾ ਤਾਂ ਆਪ ਜੀ ਨੇ ਸਤਾਰਾਂ ਹੋਰ ਸੂਬੇ ਥਾਪ ਦਿੱਤੇ। ਇਹਨਾਂ ਦੇ ਨਾਂ ਸਨ : ਸਰਮੁੱਖ ਸਿੰਘ ਲੱਲੂ ਵਾਲ (ਰਿਆਸਤ ਪਟਿਆਲਾ), ਗੋਪਾਲ ਸਿੰਘ ਰੱਖੜਾ ਮੰਢੌੜ (ਰਿਆਸਤ ਪਟਿਆਲਾ) ਹੁਕਮਾ ਸਿੰਘ ਪਿਥੋ (ਰਿਆਸਤ ਨਾਭਾ), ਰਤਨ ਸਿੰਘ ਉਰਫ ਗਿਆਨ ਸਿੰਘ ਜਾਂ ਗਿਆਨੀ ਸਿੰਘ 'ਮੰਡੀਕਲਾਂ (ਰਿਆਸਤ ਪਟਿਆਲਾ), ਖੁਸ਼ਹਾਲ ਸਿੰਘ ਪਿੰਡ ਬਰਾਜ (ਸਿਰਸਾ), ਬ੍ਰਹਮਾ ਸਿੰਘ 'ਦਰੀਆਪੁਰ' (ਕਰਨਾਲ) ਪਹਾੜਾ ਸਿੰਘ 'ਮਲੌਦ' (ਲੁਧਿਆਣਾ) ਨਰਾਇਣ ਸਿੰਘ ਖਟੜੇ (ਲੁਧਿਆਣਾ) ਮਾਨ ਸਿੰਘ 'ਸੈਦੋ (ਫੀਰੋਜ਼ਪੁਰ), ਮਲੂਕ ਸਿੰਘ 'ਫੂਲੇਵਾਲ'-(ਫੀਰੋਜ਼ਪੁਰ), ਸਮੁੰਦ ਸਿੰਘ ਖੋਟੇ (ਫੀਰੋਜ਼ਪੁਰ) ਖਜ਼ਾਨ ਸਿੰਘ 'ਲਧਾਣਾ' (ਜਲੰਧਰ) ਰੂੜ ਸਿੰਘ 'ਬੰਗਾਲੀ ਪੁਰ' (ਅੰਮ੍ਰਿਤਸਰ), ਭਗਵਾਨ ਸਿੰਘ 'ਫੱਤੇਵਾਲ' (ਅੰਮ੍ਰਿਤਸਰ), ਜਮੀਅਤ ਸਿੰਘ ਗਿੱਲ (ਸਿਆਲਕੋਟ), ਰਾਜਾ ਸਿੰਘ ਤਰਾਂਡੀ (ਸਿਆਲਕੋਟ) ਅਤੇ ਜੋਤਾ ਸਿੰਘ ਢਪਈ (ਸਿਆਲਕੋਟ)। ਜਦੋਂ ਇਹਨਾਂ ਸਤਾਰਾਂ ਸੂਬਿਆਂ ਦੇ ਸੁਤੰਤਰ ਘੁੰਮ ਫਿਰ ਕੇ ਨਾਮਧਾਰੀ ਮੱਤ ਦੇ ਪਰਚਾਰ ਕਰਨ ਤੇ ਵੀ ਰੋਕ ਲਾ ਦਿੱਤੀ ਗਈ ਸਰਕਾਰ ਵੱਲੋਂ ਤਾਂ ਕਮਿਸ਼ਨਰ ਅੰਬਾਲਾ ਇਸ ਕਿਸਮ ਦਾ ਆਦੇਸ਼ ਦੇਣ ਲਈ ਸ੍ਰੀ ਭੈਣੀ ਸਾਹਿਬ ਪੁੱਜਾ। ਉਹ ਸਤਿਗੁਰੂ ਜੀ ਨੂੰ ਕਹਿਣ ਲੱਗਾ— "ਪਹਿਲਾਂ ਅਸੀਂ ਤੁਹਾਡੇ ਅਤੇ ਪੰਜ ਸੂਬਿਆਂ ਤੇ ਰੋਕ ਲਾਈ ਸੀ। ਤੁਸਾਂ ਸਤਾਰਾਂ ਹੋਰ ਥਾਪ ਦਿੱਤੇ। ਅਸੀਂ ਇਹਨਾਂ ਤੇ ਵੀ ਰੋਕ ਲਾ ਦਿੱਤੀ ਹੈ। ਬਾਬਾ ਸਾਹਿਬ! ਅਬ ਕਿਆ ਕਰੋਗੇ ?" ਸਤਿਗੁਰੂ ਜੀ ਵਜਦ ਵਿਚ ਆ ਗਏ ਅਤੇ ਹਿੱਕ ਥਾਪੜ ਕੇ ਫੁਰਮਾਇਆ "ਬਿੱਲਿਓ! ਤੁਸੀਂ ਇੱਕ ਰਾਮ ਸਿੰਘ ਨੂੰ ਰੋਂਦੇ ਹੋ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਕਮਿਸ਼ਨਰ ਨਿੰਮੋਝੂਣਾ ਹੋ ਕੇ ਮੁੜ ਆਇਆ ਅਤੇ ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਨਾਮਧਾਰੀ ਸਿੰਘਾਂ ਨੇ ਥਾਉਂ ਥਾਈਂ ਪੰਥਕ ਸਰਗਰਮੀਆਂ ਲਈ ਕਮਰਾਂ ਕੱਸ ਲਈਆਂ। ਅੰਤ ਕੂਕੇ ਸਿੰਘਾਂ ਦੀ ਗਿਣਤੀ ਸਾਰੀਆਂ ਰੋਕਾਂ ਦੇ ਬਾਵਜੂਦ ਵੀ ਜਦੋਂ ਵੱਧਦੀ ਗਈ ਤਾਂ ੧੮੬੬ ਈ. ਦੇ ਅੰਤ ਤੱਕ ਸਰਕਾਰ ਨੂੰ ਆਪਣੀਆਂ ਪਾਬੰਦੀਆਂ ਨਰਮ ਕਰਨ ਲਈ ਮਜਬੂਰ ਹੋਣਾ ਪਿਆ।

੧੮੬੭ ਈ ਦੇ ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਜਾਣ ਲਈ ਸਤਿਗੁਰੂ ਜੀ ਨੇ ਆਪਣੀ ਮਨਸ਼ਾ ਜਦੋਂ ਸਰਕਾਰੀ ਹਾਕਮਾਂ ਨੂੰ ਦੱਸ ਦਿੱਤੀ ਤਾਂ ਇਸ ਡਰ ਤੋਂ ਸਰਕਾਰ ਨੂੰ ਮਨਜ਼ੂਰੀ ਦੇਣੀ ਪਈ ਕਿ ਉਹ ਬਿਨਾਂ ਇਜਾਜ਼ਤ ਵੀ ਹਜ਼ਾਰਾਂ ਨਾਮਧਾਰੀਆਂ ਦੀ ਸੰਗਤ ਸਮੇਤ ਇਸ ਪੁਰਬ ਤੇ ਜ਼ਰੂਰ ਪਹੁੰਚਣਗੇ। ਇਸ ਵਰ੍ਹੇ ਵਿਚ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਫਿਰ ਅੰਮ੍ਰਿਤਸਰ

ਦੀ ਦੀਵਾਲੀ ਤੇ ਸਤਿਗੁਰੂ ਜੀ ਵੀਹ ਤੋਂ ਤੀਹ ਹਜ਼ਾਰ ਦੇ ਦਰਮਿਆਨ ਨਾਮਧਾਰੀ ਸਿੰਘਾਂ ਸਮੇਤ ਪੁੱਜਦੇ ਰਹੇ। ਦੋਹਾਂ ਥਾਵਾਂ ਤੇ ਹੀ ਅੰਗਰੇਜ਼ੀ ਸਰਕਾਰ ਨੇ ਆਪਣੇ ਉਚ ਸਿਵਿਲ ਅਧਿਕਾਰੀਆਂ ਤੇ ਭਾਰੀ ਪੁਲੀਸ ਬਲ ਨੂੰ ਤੈਨਾਤ ਕੀਤਾ ਸੀ ਕਿਉਂਕਿ ਪਹਿਲਾਂ ਤਾਂ ਅਨੰਦਪੁਰ ਦੇ ਤਖ਼ਤ ਕੇਸਗੜ੍ਹ ਸਾਹਿਬ ਦੇ ਪੁਜਾਰੀਆਂ ਵੱਲੋਂ ਸਰਕਾਰ ਨੂੰ ਇਹ ਇਤਲਾਹ ਦਿੱਤੀ ਗਈ ਸੀ ਕਿ ਕੂਕੇ ਉਹਨਾਂ ਦੇ ਤਖ਼ਤ ਤੇ ਕਬਜ਼ਾ ਕਰਨ ਆ ਰਹੇ ਹਨ। ਹੁਸ਼ਿਆਰ ਪੁਰ ਦੇ ਡਿਪਟੀ ਕਮਿਸ਼ਨਰ ਮਿ. ਪਰਕਿਨਜ਼, ਪੰਜਾਬ ਪੁਲੀਸ ਦਾ ਡੀ.ਆਈ.ਜੀ ਮਿ. ਮੈਕਐਂਡਰੀਊ ਨਾਮਧਾਰੀ ਸੰਗਤ ਦੇ ਕਰੜੇ ਅਨੁਸ਼ਾਸਨ ਅਤੇ ਜ਼ਾਬਤਾ ਬੱਧ ਜੀਵਨ ਪ੍ਰਣਾਲੀ ਤੋਂ ਬੜੇ ਮੁਤਾਸਰ ਹੋਏ। ਪੁਜਾਰੀਆਂ ਨੇ ਆਪ ਦੀ ਅਰਦਾਸ ਨਾ ਕੀਤੀ ਬਾਅਦ ਵਿਚ ਅੰਮ੍ਰਿਤਸਰ ਦੀ ਦੀਵਾਲੀ ਸਮੇਂ ਉਥੇ ਦੇ ਪੁਜਾਰੀਆਂ ਦਾ ਵੀ ਇਹੋ ਰਵੱਈਆ ਸੀ। ਜਾਪਦਾ ਹੈ ਕਿ ਜਿਵੇਂ ਜਿਵੇਂ ਸਤਿਗੁਰੂ ਜੀ ਦੀ ਅਦੁੱਤੀ ਪ੍ਰਤਿਭਾ ਦੇ ਚਮਤਕਾਰੀ ਪ੍ਰਭਾਵ ਹੇਠ ਵਿਸ਼ਾਲ ਸਿੱਖ ਜਨਤਾ ਅਤੇ ਕਿਤੇ ਕਿਤੇ ਹਿੰਦੂ ਤੇ ਮੁਸਲਮਾਨ ਵੀ ਉਹਨਾਂ ਦੇ ਪ੍ਰਭਾਵ ਖੇਤਰ ਵਿਚ ਲਗਾ ਤਾਰ ਦਾਖ਼ਲ ਹੋ ਰਹੇ ਸਨ, ਇਸ ਲਈ ਅੰਗਰੇਜ਼ ਸਰਕਾਰ ਨੇ ਤਖ਼ਤਾਂ ਦੇ ਪੁਜਾਰੀਆਂ ਤੋਂ ਜੋ ਉਹਨਾਂ ਦੇ ਹੱਥ ਠੋਕੇ ਸਨ, ਮਾਮੂਲੀ ਸੰਪ੍ਰਦਾਇਕ ਮੱਤ ਭੇਦਾਂ ਨੂੰ ਹਵਾ ਦੇ ਕੇ, ਕੂਕਿਆਂ ਅਤੇ ਦੂਜੇ ਸਿੱਖਾਂ ਵਿਚ ਇੱਕ ਅਖਾਉਤੀ ਦੀਵਾਰ ਖੜੀ ਕਰਵਾ ਦਿੱਤੀ।

ਸਤਿਗੁਰੂ ਜੀ ਨੇ ਕਸ਼ਮੀਰ ਵਿਚ ਕੂਕਾ ਰਜਮੈਂਟ ਦੀ ਸਥਾਪਨਾ ਕਰਨਲ ਹੀਰਾ ਸਿੰਘ 'ਲੰਮੂ' ਸਢੌਰੇ ਵਾਲੇ ਦੀ ਅਗਵਾਈ ਹੇਠ ਕਰਵਾ ਦਿੱਤੀ। ਨੈਪਾਲ ਦੇ ਰਾਣਾ ਜੰਗ ਬਹਾਦਰ ਪਾਸ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਦਾ ਇਕ ਕੂਟਨੀਤਕ ਮਿਸ਼ਨ ਵੀ ਭੇਜਿਆ। ਉਹ ਨੈਪਾਲ ਸੈਨਾ ਵਿਚ ਵੀ ਕੂਕਿਆਂ ਨੂੰ ਭਰਤੀ ਕਰਵਾਉਣਾ ਚਾਹੁੰਦੇ ਸਨ। ਪਰ ਅੰਮ੍ਰਿਤਸਰ ਬੁੱਚੜ ਬੱਧ ਦੇ ਸਾਕੇ ਬਾਅਦ ਇਹ ਯੋਜਨਾ ਵਿਚੇ ਰਹਿ ਗਈ। ਅਫਗਨਿਸਤਾਨ, ਰੂਸ ਆਦਿ ਗੁਆਂਢੀ ਦੇਸ਼ਾਂ ਅਤੇ ਗਵਾਲੀਅਰ, ਬਨਾਰਸ, ਲਖਨਊ, ਭੋਪਾਲ, ਹੈਦਰਾਬਾਦ ਆਦਿ ਦੇਸੀ ਰਿਆਸਤਾਂ ਦੇ ਕੇਂਦਰਾਂ ਵਿਚ ਵੀ ਮਹੱਤਵਪੂਰਨ ਕੂਕੇ ਸੂਬੇ ਭੇਜੇ ਗਏ। ਇਉਂ ਆਪਣੇ ਜਨ ਆਧਾਰ ਨੂੰ ਵਿਕਸਿਤ ਕਰ ਕੇ ਗੁਆਂਢੀ ਮਿੱਤਰ ਦੇਸ਼ਾਂ ਤੋਂ ਸੈਨਿਕ ਮੱਦਦ ਲੈਕੇ, ਲੋੜ ਪੈਣ ਤੇ ਹਥਿਆਰਬੰਦ ਵਿਦਰੋਹ ਸੰਗਠਿਤ ਕਰ ਕੇ, ਫਰੰਗੀ ਸਰਕਾਰ ਨੂੰ ਭਾਂਜ ਦੇਣ ਦੀਆਂ ਤਿਆਰੀਆਂ ਵੱਡੀ ਪੱਧਰ ਤੇ ਸ਼ੁਰੂ ਕਰ ਦਿੱਤੀਆਂ ਗਈਆਂ। ਅੰਗਰੇਜ਼ੀ ਸਰਕਾਰ ਵੀ ਹੁਣ ਸਮਝ ਰਹੀ ਸੀ ਕਿ ਡਾਕ ਦਾ ਪ੍ਰਬੰਧ ਆਪਣਾ ਕਾਇਮ ਕਰ ਕੇ ਨਿਆਂ, ਵਿਵਸਥਾ ਲਈ ਸਥਾਨਕ ਪੰਚਾਇਤਾਂ ਨੂੰ ਮਜ਼ਬੂਤ ਕਰ ਕੇ, ਸਿੱਖਿਆ ਲਈ ਆਪਣੀਆਂ ਧਰਮਸ਼ਾਲਾਵਾਂ ਵਿਚ ਆਪਣੀ ਭਾਸ਼ਾ ਅਤੇ ਗੁਰਮਤਿ ਗਿਆਨ ਤੇ ਜ਼ੋਰ ਦੇ ਕੇ, ਬਸੇਤਰ, ਭੋਜਨ, ਯਾਤਾਯਾਤ ਲਈ ਪੂਰਨ ਤੌਰ ਤੇ ਆਪਣੀਆਂ ਸਵਦੇਸ਼ੀ ਸ੍ਵੈ ਨਿਰਮਿਤ ਵਸਤੂਆਂ/ਸਾਧਨਾਂ ਤੇ ਨਿਰਭਰ ਹੋ ਕੇ, ਕੂਕੇ ਆਮ ਲੋਕਾਂ ਦੇ ਅੰਦਰ ਅੰਗਰੇਜ਼ ਸ਼ਾਸਨ ਪ੍ਰਤੀ ਘਿਰਣਾ ਪੈਦਾ ਕਰ ਰਹੇ ਹਨ ਅਤੇ ਇਕ ਸਮਾਨੰਤਰ ਸਰਕਾਰ ਵੀ ਚਲਾ ਰਹੇ ਹਨ ਜਿਸ ਵਿਚ ਸਰਵ ਉਚ ਸਥਾਨ ਉਨ੍ਹਾਂ ਦੇ ਸਤਿਗੁਰੂ ਜੀ ਦਾ ਹੈ। ਸਤਿਗੁਰੂ ਜੀ ਦੇ ਪ੍ਰਭਾਵ ਖੇਤਰ ਦਾ ਕਰਮਿਕ ਪੜਾਅਵਾਰ ਵਿਸਥਾਰ ਵੀ ਚਲਾਕ ਅੰਗਰੇਜ਼ ਅਧਿਕਾਰੀਆਂ ਦੀਆਂ ਨਜ਼ਰਾਂ ਵਿਚੋਂ ਲੰਘ ਰਿਹਾ ਸੀ ੨੦ ਨਵੰਬਰ ੧੮੭੧ ਈ: ਅੰਬਾਲਾ ਸਰਕਲ ਦਾ ਡੀ. ਆਈ. ਜੀ ਮੈਕਐਂਡਰੀਊ ਲਿਖਦਾ ਹੈ-

"(ਗੁਰੂ) ਰਾਮ ਸਿੰਘ ਨੂੰ ਜਿਹੜੇ ਖਿਤਾਬ ਸਮੇਂ ਸਮੇਂ ਮਿਲੇ ਇਸ ਤੋਂ ਉਸਦੀ ਉਨਤੀ ਦਾ ਪਤਾ ਲੱਗਦਾ ਹੈ। ਪਹਿਲੋਂ ਪਹਿਲ ਜਦੋਂ ਉਹ ਹਜ਼ਰੋ ਦੇ (ਬਾਬਾ) ਬਾਲਕ ਸਿੰਘ ਦੇ ਉਤਰ ਅਧਿਕਾਰੀ ਵਜੋਂ ਜਾਣਿਆ ਗਿਆ ਉਸ ਨੂੰ ਰਾਮ ਸਿੰਘ ਮਹੰਤ ਕਿਹਾ ਜਾਂਦਾ ਸੀ। ਇਸ ਤੋਂ ਬਾਦ ਗੁਰੂ ਰਾਮ ਸਿੰਘ ਕਿਹਾ ਜਾਣ ਲੱਗਾ। ਫਿਰ ਸਤਿਗੁਰੂ ਰਾਮ ਸਿੰਘ ਅਤੇ ਹੁਣ ਸਤਿਗੁਰੂ ਰਾਮ ਸਿੰਘ (ਸੱਚਾ) ਪਾਤਸ਼ਾਹ ਕਿਹਾ ਜਾਂਦਾ ਹੈ।"[3]

ਸਤਿਗੁਰੂ ਜੀ ਦਾ ਆਪਣੇ ਅੰਗ ਰੱਖਿਅਕਾਂ ਵਿਚ ਘਿਰੇ ਰਹਿਣਾ, ਦਰਬਾਰ ਲਾਉਣਾ, ਸਾਰੇ ਦੇਸ਼ ਵਿਚੋਂ ਦੂਤ ਤੇ ਸੁਗ਼ਾਤਾਂ ਵਸੂਲਣੀਆਂ, ਥੋਹੜੇ ਬਹੁਤ ਰੁਤਬੇ ਵਾਲੇ ਸਰਦਾਰਾਂ ਅਤੇ ਜਗੀਰਦਾਰਾਂ ਦਾ ਉਹਨਾਂ ਦੀ ਸ਼ਰਨ ਵਿਚ ਆਉਣਾ, ਕਸ਼ਮੀਰ ਵਿਚ ਕੂਕਾ ਰਜਮੈਂਟ ਕਾਇਮ ਕਰਨਾ, ਨੈਪਾਲ ਸਰਕਾਰ ਨੂੰ ਸੁਗਾਤਾਂ ਦੇ ਕੇ ਕੂਕੇ ਭੇਜਣੇ, ਇਹਨਾਂ ਨੂੰ ਵੀ ਉਪਰੋਕਤ ਰੀਪੋਰਟ ਵਿਚ ਇਕ ਮਹੱਤਵਕਾਂਸ਼ੀ ਦਿਮਾਗ ਦੀ ਉਪਜ ਦੱਸਦਿਆਂ ਕਿਹਾ ਗਿਆ ਕਿ ਪੂਰਬ ਵਿਚ ਇਸ ਤਰ੍ਹਾਂ ਦੀਆਂ ਛੋਟੀਆਂ ਘਟਨਾਵਾਂ ਦੇ ਵੀ ਬਹੁਤ ਵੱਡੇ ਨਤੀਜੇ ਨਿਕਲ ਆਉਂਦੇ ਹਨ।

ਇਉਂ ਅਸੀਂ ਵੇਖ ਰਹੇ ਹਾਂ ਕਿ ਸਰਕਾਰ ਸਤਿਗੁਰੂ ਜੀ ਦੇ ਦੇਸ਼-ਆਜ਼ਾਦੀ ਲਈ ਕੀਤੀ ਜਾ ਰਹੀ ਵਿਉਹ ਰਚਨਾ ਪ੍ਰਤੀ ਸੁਚੇਤ ਹੋਣ ਲੱਗ ਪਈ ਸੀ। ਫਰਵਰੀ ੧੮੬੯ ਈ. ਵਿਚ ੪੪ ਕੂਕੇ ਜੋ ਫੀਰੋਜ਼ਪੁਰ ਅਤੇ ਸਿਰਸਾ ਜ਼ਿਲ੍ਹਿਆਂ ਨਾਲ ਸਬੰਧਿਤ ਸਨ ਅਤੇ ਮਸਤਾਨ ਸਿੰਘ ਪਿੰਡ ਥਰਾਜਵਾਲਾ ਉਹਨਾਂ ਦਾ ਆਗੂ ਸੀ ਉਹਨਾਂ ਦੀ ਪੁਲੀਸ ਦੀ ਇਕ ਟੁਕੜੀ ਨਾਲ ਝੜਪ ਹੋ

ਗਈ ਜਿਸ ਤੇ ਪੁਲੀਸ ਇੰਸਪੈਕਟਰ ਦੀਵਾਨ ਬਖਸ਼ ਦੀ ਸਤਿਗੁਰੂ ਜੀ ਦੀ ਸ਼ਾਨ ਵਿਰੁੱਧ ਬੋਲਣ ਤੇ ਕੂਕਿਆਂ ਨੇ ਲਾਹ ਪਾਹ ਕਰਕੇ ਧੌਲ ਮੁੱਕੀ ਵੀ ਕਰ ਦਿੱਤੀ। ਇਹਨਾਂ ਸਿੰਘਾਂ ਨੇ ਘਰਾਂ ਦੇ ਗਹਿਣੇ ਗੱਟੇ ਮਾਇਆ ਇਕੱਠੀ ਕਰ ਕੇ ਇਕ ਥਾਂ ਰੱਖ ਲਈ ਸੀ ਅਤੇ ਰੋਜ਼ਾਨਾ ਸਾਂਝਾ ਲੰਗਰ ਤਿਆਰ ਕਰ ਕੇ ਛਕਦੇ ਸਨ। ਫੀਰੋਜ਼ਪੁਰ ਪੁਲੀਸ ਨੇ ਇਹਨਾਂ ਨੂੰ ਗਰਿਫਤਾਰ ਕਰ ਕੇ ਵੱਖ ਵੱਖ ਸਜ਼ਾਵਾਂ ਸੁਣਾ ਦਿੱਤੀਆਂ। ਸਰਕਾਰੀ ਰੀਕਾਰਡ ਵਿਚ ਇਸ ਘਟਨਾ ਨੂੰ ਵੀ 'ਕੂਕਾ ਬਗਾਵਤ' ਦਾ ਨਾਮ ਦਿੱਤਾ ਗਿਆ ਕਿਉਂ ਜੁ ਕੂਕੇ ਸਿੰਘਾਂ ਨੇ ਖੁੱਲ੍ਹਮ ਖੁੱਲ੍ਹਾ ਇੰਸਪੈਕਟਰ ਨੂੰ ਕਿਹਾ ਸੀ ਕਿ ਹੁਣ ਇੱਥੇ ਖਾਲਸੇ ਦਾ ਰਾਜ ਕਾਇਮ ਹੋ ਗਿਆ ਹੈ ਜੇ ਤੂੰ ਚੰਗੀ ਚਾਹੁੰਦਾ ਹੈ ਤਾਂ ਸਾਡੇ ਨਾਲ ਰਲ ਜਾ ਨਹੀਂ ਤਾਂ ਨਤੀਜਾ ਭੁਗਤ। ਸਰਕਾਰ ਇਸ ਘਟਨਾ ਤੋਂ ਹੋਰ ਵੀ ਚੁਕੰਨੀ ਹੋ ਗਈ।

ਜਿਸ ਗੱਲ ਤੋਂ ਕੂਕਾ ਅੰਦੋਲਨ ਦੇ ਸ਼ਾਂਤ ਪਾਣੀਆਂ ਵਿਚ ਇਕਦਮ ਉਬਾਲ ਆ ਗਿਆ ਉਹ ਸੀ ਗੁਰੂ-ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਅੰਗਰੇਜ਼ੀ ਸਰਕਾਰ ਵੱਲੋਂ ਇਜਾਜ਼ਤ ਦੇ ਕੇ ਖੁਲ੍ਹਵਾਏ ਬੁੱਚੜਖਾਨਿਆਂ ਵਿਚ ਕਤਲ ਹੋਣ ਵਾਲੇ ਗਊਕੇ ਪਸ਼ੂਆਂ ਦਾ ਖੁੱਲ੍ਹਮ ਖੁੱਲ੍ਹਾ ਮਾਸ ਟੋਕਰਿਆਂ ਵਿੱਚ ਪਾ ਕੇ ਸ਼ਹਿਰ ਵਿਚ ਵੇਚਿਆ ਜਾਣਾ। ਮਹਾਤਮਾ ਬੁੱਧ ਦੇ ਸਮੇਂ ਤੋਂ, ਜਦੋਂ ਤੋਂ ਗੰਗਾ ਜਮਨਾ ਦੇ ਮੈਦਾਨਾਂ ਵਿਚ ਖੇਤੀ ਅਰੰਭ ਹੋ ਗਈ ਸੀ, ਜਿਸ ਲਈ ਬੈਲਾਂ ਦੀ ਬਹੁਤ ਜ਼ਰੂਰਤ ਸੀ, ਹੁਣ ਪਸ਼ੂਆਂ ਦੇ ਖਿਲਾਫ ਜੀਵ ਹਿਸਾ ਤੇ ਬੁੱਧ ਜੀ ਵਲੋਂ ਅਹਿੰਸਾ ਦੇ ਉਪਦੇਸ਼ ਦੁਆਰਾ ਰੋਕ ਲਾਈ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਵੀ ਧਰਤੀ ਨੂੰ ਧਰਮ ਰੂਪੀ ਧਉਲ ਤੇ ਟਿਕੀ ਦੱਸ ਕੇ ਇਹੀ ਸੰਕੇਤ ਦਿੱਤਾ ਸੀ ਕਿ ਖੇਤੀ ਅਰਥ ਵਿਵਸਥਾ ਬੈਲ ਤੇ ਆਧਾਰਿਤ ਹੈ। ਗਾਈਆਂ ਦੁੱਧ, ਦਹੀਂ, ਲੱਸੀ, ਮੱਖਣ ਪਨੀਰ ਦੁਆਰਾ ਭੋਜਨ ਦੀ ਲੋੜ ਪੂਰੀਆਂ ਕਰਦੀਆਂ ਹਨ ਅਤੇ ਗਊ ਦੇ ਜਾਏ, ਹਲ, ਗੱਡੀ ਮੂਹਰੇ ਜੁਪਦੇ ਹੋਰਨਾਂ ਖੇਤੀ ਕਾਰਜਾਂ, ਯਾਤਾਯਾਤ ਅਤੇ ਵਣਜ ਵਿਉਪਾਰ ਵਿਚ ਵੀ ਸਹਾਈ ਹੁੰਦੇ ਹਨ। ਇਸੇ ਕਰ ਕੇ ਸਮਾਂ ਪਾ ਕੇ ਗਊ ਨੂੰ ਮਾਤਾ ਦਾ ਦਰਜਾ ਪ੍ਰਾਪਤ ਹੋ ਗਿਆ। ਇਹ ਠੀਕ ਹੈ ਕਿ ਇਸਲਾਮੀ ਸ਼ਰ੍ਹਾ ਨੂੰ ਮੰਨਣ ਵਾਲਿਆਂ ਵਿਚ ਗਊ ਮਾਸ ਸੇਵਣ ਤੇ ਮਨਾਹੀ ਨਹੀਂ ਸੀ, ਪਰ ਸਿੱਖ ਗੁਰੂਆਂ ਵੱਲੋਂ ਗਊ ਗਰੀਬ ਦੀ ਰਾਖੀ ਲਈ ਨਿੱਤਰਣ ਦੇ ਸੱਦੇ ਸਦਕਾ, ਜਦੋਂ ਪੰਜਾਬ ਵਿਚ ਪਹਿਲਾਂ ਸਿੱਖ ਮਿਸ਼ਲਾਂ ਅਤੇ ਫਿਰ ਮਹਾਰਾਜ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ ਤਾਂ ਪੌਣੀ ਸਦੀ ਦਾ ਇਹ ਸਮਾਂ ਗਊ-ਬੱਧ ਤੋਂ ਪੂਰੀ ਤਰ੍ਹਾਂ ਮੁਕਤ ਰਿਹਾ ਹੈ। ਮਹਾਰਾਜਾ ਸਾਹਿਬ ਬਾਰੇ ਇਹ ਰਵਾਇਤ ਹੈ ਕਿ ਆਪਣੇ ਰਾਜ ਵਿਚ ਉਹ ਕਿਸੇ ਨੂੰ ਮਿਰਤੂ ਦੰਡ ਨਹੀਂ ਸਨ ਦਿੰਦੇ ਪ੍ਰੰਤੂ ਗਊ ਹਤਿਆਰਾ ਇਸ ਲਈ ਅਪਵਾਦ ਸੀ। ਇਸੇ ਕਾਰਨ ਗਊ ਬੱਧ ਤੋਂ ਏਨਾ ਲੰਮਾਂ ਸਮਾਂ ਪੰਜਾਬ ਦੀ ਧਰਤੀ ਮੁਕਤ ਰਹੀ। ਮਹਾਰਾਜ ਦੇ ਵੇਲੇ ਜੇ ਕਦੇ ਅੰਗਰੇਜ਼ ਜਾਂ ਅਫਗਾਨ ਸੈਨਾਵਾਂ ਨੇ ਵੀ ਪੰਜਾਬ ਵਿਚੋਂ ਲੰਘਣਾ ਹੁੰਦਾ ਤਾਂ ਉਹਨਾਂ ਤੇ ਇਹ ਰੋਕ ਲਾਈ ਜਾਂਦੀ ਸੀ ਕਿ ਇਸ ਧਰਤੀ ਤੇ ਉਹ ਗਊ-ਕੁਸ਼ੀ ਨਹੀਂ ਕਰਨਗੇ। ਸਿੱਖ-ਅੰਗਰੇਜ਼ ਜੰਗਾਂ ਵਿਚ ਜਿੱਤਣ ਬਾਦ ਜਦੋਂ ਅੰਗਰੇਜ਼ ਰੇਜ਼ੀਡੇਂਟ ਹੇਨਰੀ ਲਾਰੈਂਸ ਲਹੌਰ ਵਿਚ ਬ੍ਰਿਟਿਸ਼ ਸੈਨਾ ਸਮੇਤ ਬੈਠ ਗਿਆ ਸੀ ਤਾਂ ਉਸ ਦਾ ੨੪ ਮਾਰਚ ੧੮੪੭ ਦਾ ਤਾਂਬੇ ਦੇ ਪੱਤਰੇ ਤੇ ਉਕਰਿਆ ਆਦੇਸ਼ ਹਰਿਮੰਦਰ ਸਾਹਿਬ ਦੇ ਬਾਹਰ ਲਾਇਆ ਗਿਆ ਸੀ ਕਿ ਕੋਈ ਵੀ ਵਿਅਕਤੀ ਜੁੱਤੀ ਸਮੇਤ ਇਸ ਜਗ੍ਹਾ ਤੇ ਨਹੀਂ ਆਏਗਾ ਅਤੇ ਅੰਮ੍ਰਿਤਸਰ ਵਿਚ ਗਊ-ਬੱਧ ਤੇ ਮੁਕੰਮਲ ਰੋਕ ਜਾਰੀ ਰਹੇਗੀ। ਪਰ ੨੯ ਮਾਰਚ ੧੮੪੯ ਈ. ਤੋਂ ਬਾਅਦ ਜਦੋਂ ਪੰਜਾਬ ਤੇ ਅੰਗਰੇਜ਼ਾਂ ਦੀ ਕੰਪਨੀ ਸਰਕਾਰ ਨੇ ਮੁਕੰਮਲ ਕਬਜ਼ਾ ਕਰ ਲਿਆ ਤਾਂ ਗਊ ਬੱਧ ਵਾਲੀ ਰੋਕ ਦੇ ਮਾਮਲੇ ਵਿਚ ਵੀ ਸਰਕਾਰ ਦੀ ਨੀਤੀ ਇਕਦਮ ਬਦਲ ਗਈ। ਕਿਉਂਕਿ ਅੰਗਰੇਜ਼ਾਂ ਦੀਆਂ ਫੌਜਾਂ ਵਿਚ ਗੋਰੇ ਸਿਪਾਹੀ ਤੇ ਅਫਸਰ ਗਊ ਮਾਸ ਖਾਂਦੇ ਸਨ ਇਸ ਲਈ ਪੰਜਾਬ ਦੀ ਨਵੀਂ ਸਰਕਾਰ ਵਲੋਂ ੫ ਮਈ ੧੮੪੯ ਨੂੰ ਪੰਜਾਬ ਵਿਚ ਮਾਸ ਖਾਣ ਲਈ ਗਊਆਂ ਮਾਰਨ ਦੀ ਖੁੱਲ੍ਹ ਕਰ ਦਿੱਤੀ ਗਈ। ਪਹਿਲਾਂ ਪਹਿਲ ਇਹ ਜ਼ਰੂਰ ਕਿਹਾ ਗਿਆ ਕਿ ਗਊ ਬੱਧ ਸ਼ਹਿਰਾਂ ਦੀ ਹਦੂਦ ਤੋਂ ਬਾਹਰ ਕਿਸੇ ਵਲਗਣ ਵਿਚ ਹੋਏਗਾ। ਖਰੀਦਣ ਵਾਲੇ ਕਪੜੇ ਵਿਚ ਵਲੇਟ ਕੇ ਲੈ ਜਾਣਗੇ ਤਾਕਿ ਹਿੰਦੂ ਸਿੱਖਾਂ ਦਾ ਦਿਲ ਨਾ ਦੁਖੇ ਅਤੇ ਮੁਸਲਮਾਨ ਐਸੇ ਅਧਿਕਾਰ ਦੀ ਬੁਰੀ ਤਰ੍ਹਾਂ ਵਰਤੋਂ ਨਾ ਕਰਨ ਜਿਸ ਤੋਂ ਉਹ ਚਿਰਾਂ ਤੋਂ ਵਾਂਝੇ ਸਨ। ਹੁਣ ਜਦੋਂ ੨੪ ਮਾਰਚ ੧੮੪੭ ਵਾਲੇ ਉਪਰੋਕਤ ਹੁਕਮ ਬਾਰੇ ਪੰਜਾਬ ਸਰਕਾਰ ਨੂੰ ਪੁੱਛਿਆ ਗਿਆ ਤਾਂ ਕੰਪਨੀ ਸਰਕਾਰ ਦੇ ਨੁਮਾਇੰਦਿਆਂ ਦਾ ਜੁਆਬ ਸੀ ਕਿ ਉਸ ਸਮੇਂ ਪੰਜਾਬ ਦੇ ਹਾਕਮ ਸਿੱਖ ਸਨ। ਕੰਪਨੀ ਸਰਕਾਰ ਵੱਲੋਂ ਸਿੱਖ ਮਹਾਰਾਜੇ ਦਲੀਪ ਸਿੰਘ ਨੂੰ ਉਹ ਇਕ ਰਿਆਇਤ ਦਿੱਤੀ ਗਈ ਸੀ, ਹੁਣ ਹਾਕਮ ਅੰਗਰੇਜ਼ ਹਨ ਇਸ ਲਈ ਪੁਰਾਣਾ

ਹੁਕਮ ਖਤਮ ਸਮਝੋ। ਬਲਦੀ ਤੇ ਤੇਲ ਪਾਉਣ ਲਈ ੨੦ ਮਈ ੧੮੪੯ ਨੂੰ ਗਵਰਨਰ ਜਨਰਲ ਨੇ ਇਹ ਹੁਕਮ ਜਾਰੀ ਕੀਤਾ- "ਕਿਸੇ ਆਦਮੀ ਨੂੰ ਦੂਸਰੇ ਪੜੋਸੀ ਆਦਮੀ ਦੇ ਆਪਣੀ ਧਾਰਮਿਕ ਮਰਿਆਦਾ ਜਾਂ ਰਹੁ ਰੀਤ ਕਰਨ ਵਿਚ ਅਟਕਾ ਪਾਉਣ ਦੀ ਇਜਾਜ਼ਤ ਅਤੇ ਖੁੱਲ੍ਹ ਨਾ ਦਿੱਤੀ ਜਾਵੇ।" ਇਸ ਹੁਕਮ ਦਾ ਸਿਧਾ ਮਨੋਰਥ ਸੀ ਕਿ ਹਿੰਦੂ ਸਿੱਖਾਂ ਦੇ ਗੁਆਂਢੀ ਮੁਸਲਮਾਨ ਜੇ ਚਾਹੁਣਗੇ ਤਾਂ ਉਹ ਗਊ ਮਾਸ ਦੀ ਵਰਤੋਂ ਕਰ ਸੱਕਣਗੇ। ਉਹਨਾਂ ਦੇ ਇਸ ਅਧਿਕਾਰ ਦੇ ਰਾਹ ਵਿਚ ਅੜਿੱਕਾ ਪੈਦਾ ਕਰਨ ਵਾਲਿਆਂ ਨਾਲ ਹੁਣ ਸਰਕਾਰ ਅੰਗਰੇਜ਼ੀ ਸਿੱਝੇਗੀ। ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਗਏ। ਨਵੀਂ ਸਰਕਾਰ ਖਿਲਾਫ ਇਕ ਜੁੱਟ ਕੌਮੀ ਅੰਦੋਲਨ ਨੂੰ ਲੀਰੋ ਲੀਰ ਕਰਨ ਲਈ ਫਿਰਕੂ ਪੱਤਾ ਵਰਤਿਆ ਜਾਵੇ। ਪੰਜਾਬ ਦੇ ਜਨ ਸਾਧਾਰਨ ਨੂੰ, ਇਹ ਅਹਿਸਾਸ ਤੀਬਰਤਾ ਨਾਲ ਕਰਵਾ ਦਿੱਤਾ ਜਾਏ ਕਿ ਉਹ ਹੁਣ ਆਪਣੀ ਹੀ ਧਰਤੀ ਤੇ, ਓਪਰਿਆਂ ਦੇ ਗੁਲਾਮ ਹਨ ਅਤੇ ਬਿਨਾਂ ਕਿਸੇ ਚੂੰ-ਚਰਾਂ ਦੇ, ਧੌਣਾਂ ਸੁੱਟ ਕੇ, ਕੌਮੀ ਬੇਪਤੀ ਨੂੰ ਸਹਾਰਦੇ ਹੋਏ ਇਸ ਭਾਣੇ ਨੂੰ ਮੰਨ ਲੈਣ।

ਅਗਲੇ ੧੦-੧੧ ਸਾਲਾਂ ਵਿਚ ਹਾਲਤ ਇਹ ਹੋ ਗਈ ਕਿ ਦਰਬਾਰ ਸਾਹਿਬ ਦੇ ਲਾਗੇ, ਘੰਟਾ ਘਰ ਪਾਸ ਵੀ, ਇਕ ਦੁਕਾਨ ਖੁੱਲ੍ਹ ਗਈ ਜਿੱਥੇ ਬੁੱਚੜ ਗਊ ਮਾਸ ਵੇਚਦੇ ਅਤੇ ਹੁਣ ਉਹ ਇਸਨੂੰ ਟੋਕਰਿਆਂ ਵਿਚ ਪਾ ਕੇ ਸ਼ਰੇਆਮ ਹਿੰਦੂ-ਸਿੱਖ ਮੁਹੱਲਿਆਂ ਵਿਚ ਦੀ ਵੀ ਵੇਚਦੇ ਹੋਏ ਲੰਘਦੇ। ਪਵਿੱਤਰ ਸਰੋਵਰ ਵਿਚ ਗਊ ਮਾਸ ਦੀਆਂ ਬੋਟੀਆਂ ਹੱਡੀਆਂ ਇਲਾਂ ਕਾਂ ਸੁੱਟ ਦਿੰਦੇ। ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਚੇਲੇ ਭਾਈ ਦੇਵਾ ਸਿੰਘ ਨੇ ਗਊ ਦਾ ਇਕ ਹੱਡ ਸ੍ਰੀ ਆਦਿ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖ ਦਿੱਤਾ ਜਿਸ ਤੇ ਕੌਮੀ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਉਸਨੂੰ ਜਿਹਲ ਦੀ ਹਵਾ ਖਾਣੀ ਪਈ। ਭਾਈ ਨਾਹਰ ਸਿੰਘ ਨੇ ਇਸ ਤ੍ਰਾਸਦਿਕ ਸਥਿਤੀ ਦਾ ਵਰਣਨ ਬੜੇ ਮਾਰਮਿਕ ਸ਼ਬਦਾਂ ਵਿਚ ਕੀਤਾ ਹੈ-

"ਬੁੱਚੜਖਾਨਾ ਖੁੱਲ੍ਹਣ ਪਿਛੋਂ ਅੰਮ੍ਰਿਤਸਰ ਦੇ ਵੱਡੇ ਵੱਡੇ ਜਗੀਰਦਾਰ, ਧਨਾਢ, ਸ਼ਾਹੂਕਾਰ, ਬਪਾਰੀ ਹਿੰਦੂ ਅਤੇ ਸਿੱਖ ਰਈਸ ਅੰਗਰੇਜ਼ ਮਾਈ ਬਾਪ ਸਰਕਾਰ ਦੀ, ਹਰ ਗੱਲ ਵਿਚ ਹਾਂ ਮਿਲਾ ਕੇ ਸ਼ਾਬਾਸ਼ ਲੈਣਾ ਫ਼ਖਰ ਸਮਝਦੇ ਸਨ। ਹੱਥੀਂ ਰੋਟੀ ਕਮਾ ਕੇ ਖਾਣ ਵਾਲੀ, ਅਤੇ ਕਮਾਈ ਵਿਚੋਂ ਇਥੇ ਟਕਾ ਗੁਰੂ ਮਹਾਰਾਜ ਦੀ ਭੇਟਾ ਧਰ ਕੇ ਮੱਥਾ ਟੇਕਣ ਵਾਲੀ ਆਮ ਜਨਤਾ ਦੇ ਬੰਦੇ, ਬੁੱਚੜਖ਼ਾਨੇ ਨੂੰ ਸਿੱਖ ਗੁਰੂਆਂ ਦੇ ਪਵਿੱਤਰ ਹੱਥਾਂ ਨਾਲ ਬਣਾਈ ਹੋਈ, ਗੁਰੂ ਕੀ ਨਗਰੀ ਦੇ ਮੱਥੇ ਤੇ ਇਕ ਮਹਾਂ ਕਲੰਕ ਜਾਂ ਕਾਲਖ ਦਾ ਟਿੱਕਾ ਖ਼ਿਆਲ ਕਰਦੇ ਸਨ। ਅਮੀਰ ਅਤੇ ਗਰੀਬ ਦੇ ਧਰਮ ਨੂੰ ਧਾਰਨ ਕਰਨ, ਮੰਨਣ ਅਤੇ ਉਸਦੀਆਂ ਰੀਤੀਆਂ ਅਤੇ ਰਵਾਇਤਾਂ ਤੇ ਚਲਣ ਵਿਚ ਜ਼ਮੀਨ, ਅਸਮਾਨ ਦਾ ਫਰਕ ਹੁੰਦਾ ਹੈ। ਗਰੀਬ ਨੂੰ ਧਰਮ ਦੀ ਹਾਨੀ ਹੁੰਦੀ ਦੇਖ ਕੇ ਕੰਬਣੀ ਚੜ੍ਹ ਜਾਂਦੀ ਹੈ। ਰੋਟੀ ਕਮਾਉਣ ਵਾਲਾ ਹੱਥ ਤਲਵਾਰ ਦੀ ਮੁੱਠ ਤੇ ਆ ਟਿਕਦਾ ਹੈ। ਉਹ ਅਕਲ, ਸੋਚ, ਵਿਚਾਰ, ਅੱਗੇ ਵੇਖ ਕੇ ਚੱਲਣ ਦੀਆਂ ਹੱਦਾਂ ਟੱਪ ਜਾਂਦਾ ਹੈ। ਤਨ, ਮਨ, ਧਨ ਕੁਰਬਾਨ ਕਰਨ ਦੀ ਤਾਂਘ ਅਤੇ ਜੋਸ਼ ਉਸਨੂੰ ਐਸੇ ਮੰਡਲਾਂ ਵਿਚ ਖਿਚ ਕੇ ਲੈ ਜਾਂਦੇ ਹਨ, ਜਿਥੇ ਆਪੇ ਤੋਂ ਬਾਹਰ ਹੋ ਕੇ ਉਹ ਧਰਮ-ਹਾਨੀ ਕਰਨ ਵਾਲੇ ਨੂੰ ਮਾਰ ਕੇ ਆਪ ਮਰ ਜਾਣਾ ਹੀ ਧਰਮ ਸਮਝਦਾ ਹੈ।"[4]

ਅੰਮ੍ਰਿਤਸਰ ਸ਼ਹਿਰ ਅਤੇ ਇਸਦੇ ਪਿੰਡਾਂ ਦੇ ਕੁਝ ਕਿਰਤੀ ਕਿਸਾਨ ਦਸਤਕਾਰ ਆਦਿ ਦਸ ਗਿਆਰਾਂ ਨਾਮਧਾਰੀ ਸਿੰਘਾਂ ਨੇ ੧੪-੧੫ ਜੂਨ ੧੮੭੧ ਈ. ਦੀ ਵਿਚਕਾਰਲੀ ਰਾਤ ਅੰਮ੍ਰਿਤਸਰ ਵਿਚ ਗਊ ਘਾਤੀਆਂ ਨੂੰ ਬੁੱਚੜਖਾਨੇ ਵਿਚ ਪਿਆਂ ਨੂੰ ਤਲਵਾਰ ਦੀ ਧਾਰ ਲੰਘਾ ਕੇ, ਗੁਰੂ ਕੀ ਨਗਰੀ ਤੇ ਲੱਗੇ ਇਸ ਕਲੰਕ ਨੂੰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਧੋਣ ਦਾ ਯਤਨ ਕੀਤਾ। ਇਸ ਤੋਂ ਪੂਰਾ ਇਕ ਮਹੀਨਾ ਮਗਰੋਂ, ਕੂਕੇ ਸਿੰਘਾਂ ਨੇ ਦਸਵੀਂ ਪਾਤਸ਼ਾਹੀ ਦੇ ਰਾਇਕੋਟ (ਲੁਧਿਆਣਾ) ਵਿਚ ਇਸਥਿਤ ਗੁਰ ਧਾਮ ਦੇ ਲਾਗੇ ਖੁੱਲ੍ਹੇ ਬੁੱਚੜਖਾਨੇ ਤੇ ਹਥਿਆਰਬੰਦ ਹਮਲਾ ਬੋਲਿਆ। ਸਰਕਾਰ ਜੋ ਅੰਮ੍ਰਿਤਸਰ ਬੁੱਚੜ ਬੱਧ ਦੀ ਵਾਰਦਾਤ ਤੋਂ ਹੀ ਭੈਭੀਤ ਹੋ ਕੇ, ਇਸਨੂੰ ਆਪਣੇ ਰਾਜ ਲਈ ਇਕ ਵੱਡੀ ਵੰਗਾਰ ਸਮਝ ਰਹੀ ਸੀ, ਉਸ ਨੂੰ ਰਾਇਕੋਟ ਦੀ ਘਟਨਾ ਤੋਂ ਹੱਥਾਂ ਪੈਰਾਂ ਦੀ ਪੈ ਗਈ। ਆਪਣਾ ਨਮੂਜ ਰੱਖਣ ਲਈ ਅੰਮ੍ਰਿਤਸਰ ਵਿਚ ਤਾਂ ਮਿਸਟਰ ਕ੍ਰਿਸਟੀ ਸੀ. ਆਈ.ਡੀ. ਅਫਸਰ ਦੀ ਵਹਿਸ਼ੀਆਨਾ ਤਫਤੀਸ਼ ਤੋਂ ਚਾਲੂ ਹੋਏ ਕਈ ਬੇਦੋਸ਼ ਸ਼ਹਿਰ ਦੇ ਮੰਨੇ ਪਰਮੰਨੇ ਲੋਕ ਝੂਠਾ ਹੀ ਇਕਬਾਲ ਕਰ ਗਏ ਤਾ ਕਿ ਰੋਜ਼ ਰੋਜ਼ ਦੇ ਅੱਤਿਆਚਾਰ ਸਹਿਣ ਨਾਲੋਂ ਇਕੋ ਵੇਰ ਫਾਂਸੀ ਤੇ ਚੜ੍ਹ ਕੇ ਛੁਟਕਾਰਾ ਹਾਸਲ ਕਰਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਬੇਦੋਸ਼ਿਆਂ ਵਲੋਂ ਇਕਬਾਲ ਦਾ ਪਤਾ ਲੱਗਾ ਤਾਂ

ਉਹਨਾਂ ਆਪਣੇ ਸਿੱਖਾਂ ਨੂੰ ਤੁਰੰਤ ਪੇਸ਼ ਹੋਕੇ ਜੁਰਮ ਇਕਬਾਲ ਕਰਨ ਲਈ ਕਿਹਾ ਤਾਂ ਜੁ ਬੇਦੋਸ਼ਾਂ ਨੂੰ ਬਚਾ ਕੇ ਪਰਉਪਕਾਰ ਕੀਤਾ ਜਾਵੇ। ਇਸ ਤੇ ਭਾਈ ਬੀਹਲਾ ਸਿੰਘ ਨਾਰਲੀ ਅਤੇ ਉਸਦੇ ਸਾਥੀ ਅੰਮ੍ਰਿਤਸਰ ਜਾ ਕੇ ਪੇਸ਼ ਹੋ ਗਏ। ਖੂਨ ਵਿਚ ਲਿੱਬੜੀਆਂ ਤਲਵਾਰਾਂ ਨਿਸ਼ਾਨਦੇਹੀ ਕਰ ਕੇ ਕਢਾ ਦਿੱਤੀਆਂ ਤੇ ਜੁਰਮ ਕਬੂਲ ਲਿਆ। ਨਤੀਜੇ ਵਜੋਂ ੧੫ ਸਿਤੰਬਰ ੧੮੭੧ ਨੂੰ ਗੁਰੂ ਕੇ ਚਾਰ ਲਾਲ ਬੀਹਲਾ ਸਿੰਘ ਸੰਧੂ, ਲਹਿਣਾ ਸਿੰਘ 'ਪੰਨਵਾਂ' (ਜ਼ਿਲ੍ਹਾ ਸਿਆਲਕੋਟ-ਹਾਲ ਅੰਮ੍ਰਿਤਸਰ) ਫਤੇਹ ਸਿੰਘ ਭਾਟੀਆ ਜਾਂ ਭਾਟੜਾ ਸ਼ਹਿਰ ਅੰਮ੍ਰਿਤਸਰ, ਹਾਕਮ ਸਿੰਘ ਪਟਵਾਰੀ (ਬ੍ਰਾਹਮਣ) ਪਿੰਡ ਮੋੜੇ ਜ਼ਿਲ੍ਹਾ ਅੰਮ੍ਰਿਤਸਰ, ਰਾਮਬਾਗ ਬੋਹੜਾਂ ਨਾਲ ਹੱਸਦੇ ਹੱਸਦੇ ਫਾਂਸੀਆਂ ਤੇ ਝੂਟ ਗਏ। ਦੋ ਸਾਲ ਬਾਦ ਠੱਟਾ (ਅੰਮ੍ਰਿਤਸਰ) ਦਾ ਝੰਡਾ ਸਿੰਘ ਕਾਬੂ ਆ ਗਿਆ ਤੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਲਹਿਣਾ ਸਿੰਘ ਅੰਮ੍ਰਿਤਸਰ ਦਾ ਇਕ ਹੋਰ ਰਾਮਗੜ੍ਹੀਆ ਸਿੰਘ ਅਤੇ ਲਾਲ ਸਿੰਘ ਸਿਪਾਹੀ ਕਾਲੇ ਪਾਣੀ ਭੇਜ ਦਿੱਤੇ ਗਏ। ਕੁਝ ਸਿੰਘ ਜਿਹਾ ਕਿ ਭਗਵਾਨ ਸਿੰਘ ਅੜਬੰਗੀ, ਮਿਹਰ ਸਿੰਘ ਲੋਪੋਕੇ, ਲਛਮਣ ਸਿੰਘ 'ਚਾਹਲ' (ਅੰਮ੍ਰਿਤਸਰ) ਭਗਾਉੜੇ ਕਰਾਰ ਦਿੱਤੇ ਗਏ। ਗਿਆਨੀ ਗਿਆਨ ਸਿੰਘ ੧੮੮੯ ਈ. ਵਿਚ ਛਪੀ ਪਹਿਲੀ ਛਾਪ ਗ੍ਰੰਥ "ਪੰਥ ਪਰਕਾਸ਼" ਵਿਚ ਕੂਕੇ ਸ਼ਹੀਦਾਂ ਨੂੰ ਇਉਂ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕਰਦੇ ਹਨ-

"ਜੱਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਥਏ
ਤੌ ਭੀ ਉਭੇ ਪੰਥ ਯੇ ਬਢਾਏ ਗੁਰ ਨੈ ਘਨੇ।
ਸੁਨੋਂ ਅਬਿ ਧਰਮ ਕੈ ਹੇਤ ਸਿਰ ਦੈ ਕੈ ਕੂਕੇ
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉੱਨੀ ਸੈ ਬੀਸ ਤੀਸ ਕੇ ਵਖਤ ਮਧ
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖਿ ਹਿੰਦੂ ਸਭ ਹੋਹਿ ਦੁਖਿਆਰੇ ਭਾਰੇ
ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।
ਹਿਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ
ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ
ਅੰਗਰੇਜ਼ੋ ਗਹਿ ਕੈ ਦੁਖਿਆਰੇ ਕੀਨੇ ਗੋਰ ਪੈ।
ਦੈਨ ਲਾਗੀ ਫਾਂਸੀ ਜਬਿ ਆਇ ਖੁਦ ਕੂਕੇ ਤਬਿ
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।"

ਰਿਆਸਤ ਨਾਭਾ ਅਤੇ ਰਿਆਸਤ ਪਟਿਆਲਾ ਦੇ ਇਕ ਇਕ ਪਿੰਡ ਵਿਚ ਰਾਇਕੋਟ ਦੇ ਬੁੱਚੜਾਂ ਦੇ ਕਾਤਲਾਂ ਦੇ ਖੁਰੇ ਜਾਂਦੇ ਸਨ। ਇਸ ਤੇ ਪੰਜਾਬ ਸਰਕਾਰ ਨੇ ਰਿਆਸਤ ਪਟਿਆਲਾ ਤੇ ਨਾਭਾ ਤੋਂ ਇਸ ਕੇਸ ਦੀ ਤਫਤੀਸ਼ ਲਈ ਮੱਦਦ ਮੰਗੀ। ਪਰ ਇਥੇ ਤਾਂ ਚੋਰ ਨਾਲੋਂ ਪੰਡ ਕਾਹਲੀ ਸੀ। ਪਟਿਆਲੇ ਵਾਲਿਆਂ ਨੇ ਲਿਖਿਆ ਕਿ ਅੰਗਰੇਜ਼ ਸਰਕਾਰ ਦਾ ਹੁਕਮ ਮਿਲਣ ਤੋਂ ਪਹਿਲਾਂ ਹੀ ਉਹ ਤਾਂ ਕਾਤਲਾਂ ਨੂੰ ਪਕੜਾਉਣ ਵਾਲੇ ਲਈ ੨੫੦ ਰੁਪੈ ਦੇ ਇਨਾਮ ਦੀ ਘੋਸ਼ਣਾ ਵੀ ਕਰ ਚੁੱਕੇ ਹਨ। ਕੁਝ ਦਿਨਾਂ ਵਿਚ ਹੀ ਪਿੱਥੋ ਪਿੰਡ ਦੇ ਤਿੰਨ ਕੂਕੇ ਸਿੰਘ ਫੜ ਲਏ ਗਏ। ਦਲ ਸਿੰਘ ਛੀਨੀਵਾਲ ਅਤੇ ਕਾਹਨਾ ਕਮਾਲਪੁਰ ਦਾ ਵਾਅਦਾ ਮੁਆਫ ਬਣ ਗਏ। ਬਾਅਦ ਵਿਚ ਇਕ ਵੇਰ ਪਿੱਥੋ ਵਾਲੇ ਤਿੰਨਾਂ ਸਿੰਘਾਂ ਨਾਲ ਮੌਤ ਦੀ ਸਜ਼ਾ ਸੁਣ ਚੁੱਕਾ ਗੁਲਾਬ ਸਿੰਘ ਵੀ ਵਾਅਦਾ ਮਾਫ ਹੋ ਗਿਆ। ਇਸ ਵਚਿੱਤਰ ਸਥਿਤੀ ਬਾਰੇ ਭਾਈ ਨਾਹਰ ਸਿੰਘ ਲਿਖਦੇ ਹਨ-

"ਇਸ ਮੁਕੱਦਮੇ ਦਾ ਖਾਸ ਪਹਿਲੂ ਇਹ ਹੈ, ਕਿ ਚੀਫ ਕੋਰਟ ਤੋਂ ਫਾਂਸੀ ਦਾ ਹੁਕਮ ਹੋਵਣ ਪਿਛੋਂ ਗੁਲਾਬ ਸਿੰਘ ਨੂੰ ਵਾਅਦਾ ਮੁਆਫ ਗਵਾਹ ਬਣਾਇਆ ਗਿਆ। ਕੀ ਕਾਨੂੰਨ ਅਨੁਸਾਰ ਐਸਾ ਹੋ ਸੱਕਦਾ ਸੀ ? ਪਰ ਨਾਮਧਾਰੀਆਂ ਉਤੇ ਕਾਨੂੰਨ ਦੀ ਥਾਂ ਸਿਆਸਤ ਲਾਗੂ ਸੀ, ਕਿਉਂਕਿ ਉਹਨਾਂ ਨੇ ਬੁੱਚੜ ਵੱਢ ਕੇ ਸਰਕਾਰੀ ਹੁਕਮ ਤੋੜੇ ਸਨ, ਅਤੇ ਸਰਕਾਰ ਦਾ ਵਕਾਰ ਮਿਟੀ ਵਿਚ ਮਿਲਾ ਦਿੱਤਾ ਸੀ।"[5]

੨੮ ਜੁਲਾਈ ੧੮੭੧ ਈ. ਨੂੰ ਬੱਸੀਆਂ ਦੀ ਕੋਠੀ, ਜਿੱਥੇ ਰਾਇਕੋਟ ਬੁੱਚੜ ਬੱਧ ਵਾਲੇ ਸਿੰਘਾਂ ਤੇ ਜੇ. ਡਬਲਯੂ. ਮੈਕਨਾਬ, ਸੈਸ਼ਨ ਜੱਜ ਦੀ ਕਚਿਹਰੀ ਵਿਚ ਕਤਲਾਂ ਦੇ ਮੁਕਦਮੇ ਚੱਲ ਰਹੇ ਸਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ੩੬ ਹੋਰ ਨਾਮਧਾਰੀ ਸਿੰਘਾਂ ਸਮੇਤ ਪਹੁੰਚੇ। ਸਰਕਾਰ ਦਾ ਮਨੋਰਥ ਆਪਣੇ ਪੜ੍ਹਾਏ ਹੋਏ ਗਵਾਹਾਂ ਤੋਂ ਸਤਿਗੁਰੂ ਜੀ ਵਿਰੁੱਧ ਝੂਠ ਸੱਚ ਬਕਵਾ ਕੇ ਇਹ ਸਿੱਧ ਕਰਨਾ ਸੀ ਕਿ ਨਾਮਧਾਰੀ ਸਿੰਘਾਂ ਨੇ ਬੁੱਚੜ ਮਾਰਨ ਦੇ ਕਾਰੇ ਆਪ ਜੀ ਦੇ ਹੁਕਮਾਂ ਮੁਤਾਬਿਕ ਕੀਤੇ ਹਨ। "ਸਤਿਗੁਰੂ ਜੀ ਨੇ ਬੱਸੀਏਂ ਪਹੁੰਚ ਕੇ ਦਲ ਸਿੰਘ ਵਾਅਦਾ ਮੁਆਫ ਗਵਾਹ,

ਬਾਕੀ ਝੂਠੇ ਗਵਾਹਾਂ ਅਤੇ ਖਾਸ ਕਰਕੇ ਗੁਲਾਬ ਸਿੰਘ ਦੇ ਝੂਠਾਂ ਦੇ ਖੂਬ ਪਾਜ ਖੋਹਲੇ।(ਹਵਾਲਾ ਸੈਸ਼ਨ ਜੱਜ ਵਾਲੀ ਮਿਸਲ)"[6]

੫ ਅਗਸਤ ੧੮੭੧ ਈ. ਨੂੰ ਬੁੱਚੜਖਾਨੇ ਦੇ ਨਾਲ ਹੀ ਫਾਂਸੀ ਗੱਡ ਕੇ ਰਾਇਕੋਟ ਵਿਖੇ ਪਿੱਥੋਂ ਪਿੰਡ ਦੇ ਤਿੰਨ ਸਿੰਘਾਂ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ ਫਾਂਸੀਆਂ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।

ਏਨੀਆਂ ਸ਼ਹਾਦਤਾਂ ਨਾਲ ਵੀ ਅਜੇ ਪੰਜਾਬ ਦੀ ਅੰਗਰੇਜ਼ ਸਰਕਾਰ ਦਾ ਹਿਰਦਾ ਸ਼ਾਂਤ ਨਹੀਂ ਸੀ ਹੋਇਆ। ਸਤਿਗੁਰੂ ਜੀ ਨੂੰ ਫਸਾਉਣ ਵਿਚ ਅਸਫਲ ਰਹਿਣ ਬਾਅਦ, ਉਹਨਾਂ ਨੇ ਹਿਠਾੜ ਸਤਿਲੁਜ ਦੇ ਇਲਾਕੇ ਵਿਚ ਇਕ ਮਹੱਤਵਪੂਰਨ ਕੂਕਾ ਪਰਚਾਰਕ ਜੋ, ਕੂਕਿਆਂ ਦੇ ਆਪਸੀ ਝਗੜੇ ਨਿਬੇੜਣ ਲਈ ਹਮੇਸ਼ਾ ਚੱਲਦਾ ਫਿਰਦਾ ਰਹਿੰਦਾ ਸੀ ਅਤੇ ਅਦਾਲਤੀ ਸੂਬਾ ਕਹਿਲਾਉਂਦਾ ਸੀ ਗਿਆਨੀ ਸਿੰਘ ਜਾਂ ਗਿਆਨਾ ਸਿੰਘ, ਭਾਵੇ ਅਸਲ ਨਾਂ ਰਤਨ ਸਿੰਘ ਪਿੰਡ ਮੰਡੀ ਕਲਾਂ, ਉਮਰ ੩੫ ਸਾਲ ਅਤੇ ਦੂਜਾ ਇਸੇ ਸੂਬੇ ਦਾ ਨਾਇਬ ਸੂਬਾ ਰਤਨ ਸਿੰਘ ਜਾਤੀ ਨਾਈ, ਪਿੰਡ ਨਾਈ ਵਾਲਾ ਉਮਰ ੨੯, ਇਸ ਮੁਕੱਦਮੇ ਵਿਚ ਫਸਾਏ ਗਏ ਕਿ ਰਾਇਕੋਟ ਦੇ ਬੁੱਚੜਾਂ ਦੇ ਕਤਲਾਂ ਲਈ ਉਕਸਾਉਣ ਵਾਲੇ ਇਹ ਦੋਵੇਂ ਰਤਨ ਸਿੰਘ ਹਨ। ਸੈਸ਼ਨ ਜੱਜ ਮੈਕਨੇਬ ਨੇ ਦੇਸੀ ਤਿੰਨਾਂ ਅਸੈਸਰਾਂ ਦੀ ਪੁਸ਼ਟੀ ਤੋਂ ਬਾਅਦ, ਦੋਹਾਂ ਰਤਨ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਮਿਸਲ ੩੦ ਅਕਤੂਬਰ ੧੮੭੧ ਨੂੰ ਚੀਫ ਕੋਰਟ ਨੂੰ ਭੇਜ ਦਿੱਤੀ। ਚੀਫ ਕੋਰਟ ਦੇ ਤਿੰਨ ਜੱਜਾਂ, ਸੀ. ਬੋਲੀਨੋਸ, ਸੀ. ਆਰ. ਲਿੰਡਸੇ ਅਤੇ ਜੇ. ਸੀ. ਕੈਮਪਬੇਲ ਦੇ ਬੈਂਚ ਦੇ ਸਾਹਮਣੇ ਪੇਸ਼ ਹੋਇਆ।

"ਜੱਜ ਬੋਲੀਨੋਸ ਨੇ ਹਰ ਨੁਕਤੇ ਤੇ ਬੜੀ ਹੀ ਸਿਆਣਪ ਅਤੇ ਖੋਜ ਨਾਲ ਬਹਿਸ ਕੀਤੀ। ਉਸਨੇ ਲਿਖਿਆ ਕਿ ਸਿਸ਼ਨ ਜੱਜ ਨੇ ਰਤਨ ਸਿੰਘ ਨਾਈਵਾਲੀਏ ਦੇ ਬਿਆਨ ਨੂੰ ਗੁਆਹੀ ਬਣਾ ਕੇ ਗਿਆਨੀ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਇਹ ਕਾਨੂੰਨ ਅਤੇ ਫੌਜਦਾਰੀ ਮੁਕਦਮੇ ਦੀ ਕਾਰਵਾਈ ਦੀ ਰੀਤ ਦੇ ਸਖਤ ਵਿਰੁਧ ਹੈ। ਦੋਨੋਂ ਮੁਲਜ਼ਮਾਂ ਉਤੇ ਇਕੱਠੇ ਹੀ, ਇਕੋ ਜੁਰਮ ਵਿਚ, ਇਕੋ ਹੀ ਮਜਿਸਟਰੇਟ ਸਾਹਮਣੇ, ਇਕੱਠਾ ਮੁਕਦਮਾ ਚੱਲ ਰਿਹਾਂ ਹੈ। ਇਸ ਲਈ ਜੋ ਕੁੱਝ ਭੀ ਰਤਨ ਸਿੰਘ ਨਾਈਵਾਲਾ ਗਿਆਨੀ ਦੇ ਵਿਰੁੱਧ ਕਹਿਦਾ ਹੈ, ਕਾਨੂੰਨ ਅਨੁਸਾਰ ਉਸਨੂੰ ਗੁਆਹੀ ਨਹੀਂ ਤਸਲੀਮ ਕੀਤਾ ਜਾ ਸਕਦਾ। ਜੱਜ ਸਾਹਿਬ ਨੇ ਗੁਲਾਬ ਸਿੰਘ, ਦੀਦਾਰ ਸਿੰਘ ਸਾਧ ਮੋੜਾਂਵਾਲਾ, ਗੁਰਦਿਤ ਸਿੰਘ, ਰਾਮ ਕੌਰ, ਦਲ ਸਿੰਘ ਦੀਆਂ ਗੁਆਹੀਆਂ ਦੇ ਝੂਠ ਸੱਚ ਨੂੰ ਖੂਬ ਨਿਤਾਰਿਆ। ਇਥੋਂ ਤੱਕ ਲਿਖਿਆ ਕਿ ਦਲ ਸਿੰਘ ਤੇ ਰਾਮ ਕੌਰ ਆਪਣੇ ਆਪ ਨੂੰ ਬਚਾਉਣ ਲਈ ਗਿਆਨੀ ਦੇ ਖਿਲਾਫ ਐਸੀਆਂ ਗੁਆਹੀਆਂ ਦੇਂਦੇ ਹਨ, ਜੋ ਸੱਚ ਮੰਨੀਆਂ ਨਹੀਂ ਜਾ ਸੱਕਦੀਆਂ। ਇਹ ਭੀ ਲਿਖਿਆ ਕਿ ਪੁਲਿਸ ਗੁਆਹਾਂ ਨੂੰ ਬਿਆਨ ਪੜ੍ਹਾਉਂਦੀ ਸਿਖਾਉਂਦੀ ਹੈ।

"ਗੁਲਾਬ ਸਿੰਘ ਦੀ ਗੁਆਹੀ ਸਬੰਧੀ ਜੱਜ ਨੇ ਲਿਖਿਆ ਕਿ ਇਹ ਗੁਆਹ ਗਿਆਨੀ ਸਿੰਘ ਦੇ ਖਿਲਾਫ ਬੜੀ ਸਖਤ ਗਵਾਹੀ ਦੇਂਦਾ ਹੈ। ਪਰ ਗੁਲਾਬ ਸਿੰਘ ਦੀ ਗੁਆਹੀ ਇਕ ਵਾਅਦਾ ਮੁਆਫ ਦੀ ਗੁਆਹੀ ਹੈ, ਅਤੇ ਐਸੀ ਸੂਰਤ ਵਿਚ ਇਸਦੀ ਗੁਆਹੀ ਵਿਚ ਉਹ ਸਾਰੀਆਂ ਉਕਾਈਆਂ ਅਤੇ ਤਰੁਟੀਆਂ ਮੌਜੂਦ ਹਨ, ਜੋ ਐਸੇ ਗੁਆਹਾਂ ਦੀਆਂ ਗੁਆਹੀਆਂ ਵਿਚ ਹੁੰਦੀਆਂ ਹਨ। ਜਿਊਣ ਸਿੰਘ ਅਤੇ ਕਾਲਾ ਸਿੰਘ ਦੀਆਂ ਗੁਆਹੀਆਂ ਗਿਆਨੀ ਦੇ ਖਿਲਾਫ਼ ਨਹੀਂ ਜਾਂਦੀਆਂ।"[7]

ਅਖੀਰ ਵਿਚ ਉਪਰੋਕਤ ਜੱਜ ਦੋਹਾਂ ਨੂੰ ਮੌਤ ਦੀ ਬਜਾਏ ਕਾਲੇਪਾਣੀ ਦੀ ਸਜ਼ਾ ਤਾ ਉਮਰ ਦੀ ਸਿਫਾਰਸ਼ ਕਰਦਾ ਹੈ। ਪ੍ਰੰਤੂ ਚੀਫ ਕੋਰਟ ਦੇ ਬਾਕੀ ਜੱਜਾਂ ਨੇ ਮੁਕਦਮੇ ਨੂੰ ਨੀਮ ਸਿਆਸੀ ਸ਼ਕਲ ਦੇ ਕੇ ਸੈਸ਼ਨ ਕੋਰਟ ਵਾਲੀਆਂ ਮੌਤ ਦੀਆਂ ਸਜ਼ਾਵਾਂ ਬਹਾਲ ਰੱਖੀਆਂ ਅਤੇ ੨੬ ਨਵੰਬਰ ੧੮੭੧ ਨੂੰ ਗੁਰੂ ਕੇ ਇਹ ਦੋਵੇਂ ਵੱਡੇ ਛੋਟੇ ਸੂਬੇ ਲੁਧਿਆਣਾ ਜਿਹਲ ਦੇ ਬਾਹਰ ਫਾਂਸੀਆਂ ਤੇ ਲਟਕਾ ਕੇ ਸ਼ਹੀਦ ਕਰ ਦਿੱਤੇ ਗਏ। ਇਹਨਾਂ ਦੋਹਾਂ ਗੱਭਰੂ ਸੂਬਿਆਂ ਨੂੰ ਕਤਲ ਕੇਸ ਵਿਚ ਉਲਝਾ ਕੇ, ਬੇਦੋਸ਼ਿਆਂ ਨੂੰ ਫਾਂਸੀ ਲਾਏ ਜਾਣੇ ਤੇ, ਬੇਅਦਾਲਤੀ ਕਾਰਵਾਈ ਕਰਨ ਤੇ, ਸਮੂੰਹ ਨਾਮਧਾਰੀ ਸੰਗਤ ਅਤੇ ਵਿਸ਼ੇਸ਼ ਕਰਕੇ ਭਾਈ ਹੀਰਾ ਸਿੰਘ ਲਹਿਣਾ ਸਿੰਘ ਦੇ ਮਸਤਾਨਾ ਦਲ ਵਿਚ ਵਿਆਪਕ ਰੋਹ ਫੈਲ ਗਿਆ ਅਤੇ ਇਉਂ ਇਹ ਦੋਵੇਂ ਕਾਨੂੰਨੀ ਕਤਲ ਸਾਕਾ ਮਲੇਰਕੋਟਲਾ ਦਾ ਇਕ ਮੁੱਖ ਕਾਰਨ ਵੀ ਬਣ ਗਏ। ਮਸਤਾਨੇ ਸਿੰਘ ਅਤੇ ਉਪਰੋਕਤ ਸੂਬਾ ਗਿਆਨੀ ਸਿੰਘ ਅਤੇ ਹੋਰ ਸੂਬਿਆਂ ਵਿਚ ਦਾਅ ਪੇਚਕ ਮਸਲਿਆਂ ਵਿਚ ਕੁਝ ਮਤਭੇਦ ਵੀ ਉਤਪੰਨ ਹੋ ਜਾਂਦੇ ਸਨ। ਪਰੰਤੂ ਜਿਸ ਤਰ੍ਹਾਂ ਮਤੱਭੇਦ ਹੁੰਦਿਆਂ ਵੀ ਸ਼ਹੀਦ ਭਗਤ ਸਿੰਘ ਹੋਰਾਂ ਨੇ ਸਾਂਡਰਸ ਹੱਥੋਂ ਲਾਲਾ ਲਾਜਪਤ ਰਾਇ ਦੀ ਬੇਪਤੀ ਦਾ ਬਦਲਾ ਲਿਆ ਸੀ ਸਾਂਡਰਸ ਨੂੰ ਕਤਲ ਕਰ ਕੇ,

ਇਵੇਂ ਹੀ ਮਸਤਾਨਿਆਂ ਨੇ ਖੁੱਲ੍ਹਮ ਖੁੱਲ੍ਹਾ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਜਦੋਂ ਤੱਕ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਨਹੀਂ ਲੈਂਦੇ ਟਿਕ ਕੇ ਨਹੀਂ ਬੈਠ ਸੱਕਦੇ। ਗਿਆਨੀ ਸਿੰਘ ਅਣ ਵਿਆਹਿਆ ਸੀ ਅਤੇ ਮਲੇਰਕੋਟਲੇ ਤੇ ਚੜ੍ਹਾਈ ਸਮੇਂ ਚੰਦਾ ਸਿੰਘ ਦੇ ਬਾਰਾਂ ਮਾਂਹ ਅਨੁਸਾਰ ਉਹ ਇਸ ਕਾਰਵਾਈ ਨੂੰ ਗਿਆਨੀ ਸਿੰਘ ਦੀ ਜੰਞ ਚੜ੍ਹਨ ਨਾਲ ਤੁਲਨਾ ਰਹੇ ਸਨ-

"ਚੰਦਾ ਸਿੰਘ ਗੁਰ ਰਚਿਆ ਭਾਣਾ
ਸਿੰਘ ਕਰਦੇ ਜ਼ੋਰ ਪਿਛਾਣਾ
ਕਹਿੰਦੇ ਮਲੇਰਕੋਟਲੇ ਧਾਣਾ
ਜੰਞੇ ਗਿਆਨ ਸਿੰਘ ਦੀ ਜਾਣਾ
ਬਦਲਾ ਲੈਣਾ ਪਾਸ ਪਠਾਣਾਂ
ਇਹ ਮਨ ਵਿਚਾਰਦੇ।"

ਇਸ ਸਮੇਂ ਦੋ ਉਚ ਅੰਗਰੇਜ਼ ਅਧਿਕਾਰੀ, ਜਿਹਨਾਂ ਦੇ ਕਾਰਜ ਖੇਤਰ ਵਿਚ ਭੈਣੀ ਸਾਹਿਬ ਆਉਂਦਾ ਸੀ, ਅੰਬਾਲੇ ਦਾ ਕਮਿਸ਼ਨਰ ਮਿਸਟਰ ਮੈਕਨਬ ਅਤੇ ਇਸੇ ਸਰਕਲ ਦਾ ਡੀ. ਆਈ. ਜੀ. ਪੁਲੀਸ ਮਿ. ਮੈਕਐਂਡਰੀਊ ਬੁੱਚੜ ਬੁੱਧ ਸਾਕਿਆਂ' ਦੇ ਸਬੰਧ ਵਿਚ, ਗੁਰੂ ਰਾਮ ਸਿੰਘ ਜੀ ਨੂੰ ਇਸ ਵਿਚ ਲਪੇਟਦੇ ਹੋਏ, ਕੂਕਿਆਂ ਦੇ ਸਿਆਸੀ ਮਿਸ਼ਨ ਦੇਸ਼ ਆਜ਼ਾਦੀ ਬਾਰੇ ਕ੍ਰਮਵਾਰ ੪ ਅਤੇ ੨੦ ਨਵੰਬਰ ੧੮੭੧ ਨੂੰ ਪੰਜਾਬ ਸਰਕਾਰ ਨੂੰ ਆਪਣੀਆਂ ਇਤਿਹਾਸਕ ਮਹੱਤਵ ਵਾਲੀਆਂ ਰੀਪੋਰਟਾਂ ਭੇਜਦੇ ਹਨ।

ਮੈਕਨਬ ਆਪਣੀ ਰੀਪੋਰਟ ਇਉਂ ਸ਼ੁਰੂ ਕਰਦਾ ਹੈ

"(੧) ਸ਼ੁਰੂ ਵਿਚ ਭਾਵੇਂ ਇਸ ਲਹਿਰ ਦੇ ਆਗੂਆਂ ਦੇ ਇਰਾਦੇ ਕੁਝ ਭੀ ਹੋਵਣ, ਪਰ ਹੁਣ ਇਸ ਲਹਿਰ ਦਾ ਝੁਕਾਉ ਸਾਫ ਤੌਰ ਤੇ ਰਾਜਸੀ ਹੈ।...

(੪)........ਗੁਰੂ ਰਾਮ ਸਿੰਘ ਸਾਧੂ ਫਕੀਰਾਂ ਵਾਂਗੂੰ ਨਹੀਂ ਰਹਿੰਦਾ। ਜਦ ਕਦੀ ਭੀ ਉਹ ਕਿਸੇ ਅਫਸਰ ਨੂੰ ਮਿਲੇ, ਤਦ ਰਾਜਿਆਂ ਵਾਕੁਰ, ਕਈ ਘੋੜਸਵਾਰ ਅਤੇ ਬਹੁਤ ਸਾਰੇ ਪੈਦਲ ਉਸ ਦੀ ਅਰਦਲ ਵਿਚ ਹੁੰਦੇ ਹਨ। ਅਫਸਰ ਦੇ ਕਮਰੇ ਵਿਚ ਵੀ, ਰਾਜਿਆਂ ਦੇ ਨਾਲ ਦੇ ਦਰਬਾਰੀਆਂ ਵਾਕੁਰ, ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ। ਉਸ ਦੇ ਆਪਣੇ ਅਤੇ ਨਾਮਧਾਰੀਆਂ ਦੇ ਪਹਿਨੇ ਹੋਏ ਬਸਤਰ ਬਹੁਤ ਹੀ ਸੁਹਣੇ ਤੇ ਸਫੈਦ ਰੰਗ ਦੇ ਹੁੰਦੇ ਹਨ।...(੭) ਬੁੱਚੜਾਂ ਦਿਆਂ ਕਤਲਾਂ ਦਿਆਂ ਮੁਕਦਮਿਆਂ ਦੀਆਂ ਗੁਆਹੀਆਂ ਤੋਂ ਇਹੋ ਨਤੀਜੇ ਨਿਕਲਦਾ ਹੈ ਕਿ ਗੁਰੂ ਰਾਮ ਸਿੰਘ ਹੀ ਸਾਰੀਆਂ ਗੱਲਾਂ ਦਾ ਅਧਾਰ ਸੀ....

"ਗੁਰੂ ਰਾਮ ਸਿੰਘ ਇਕ ਐਸੇ ਫਿਰਕੇ ਦਾ ਅਸਲੀ ਅਤੀ ਨਾਮਾਵਲੀ ਆਗੂ ਹੈ, ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ੀ ਹਕੂਮਤ ਦਾ ਦੁਸ਼ਮਣ ਹੈ। ਇਹ ਇਕ ਐਸੇ ਫਸਾਦੀ ਫਿਰਕੇ ਦਾ ਇਕ ਮਾਤਰ ਆਗੂ ਅਤੇ ਹਾਕਮ ਹੈ, ਜਿਸ ਫਿਰਕੇ ਦੇ ਆਦਮੀਆਂ ਨੇ ਪੰਜਾਬ ਦੇ ਇਸ ਹਿੱਸੇ ਵਿਚ ਰਹਿਣ ਵਾਲੇ ਸਾਰੇ ਬੁੱਚੜਾਂ ਨੂੰ ਕਤਲ ਕਰਨ ਦੀਆਂ ਗੋਂਦਾਂ ਗੁੰਦੀਆਂ ਹੋਈਆਂ ਹਨ।..."

"ਸਰਕਾਰੀ ਤੌਰ ਤੇ ਮਨਜ਼ੂਰ ਹੋਈਆਂ ਖਾਸ ਥਾਵਾਂ ਤੇ, ਆਪਣਾ ਵਪਾਰ ਕਰਦੇ ਹੋਏ ਬੁੱਚੜਾਂ ਦਾ ਅਣੋਖੜਾਂ ਦੇ ਹੱਥੋਂ ਕਤਲ ਕੀਤੇ ਜਾਣਾ, ਸਰਕਾਰ ਦੇ ਹੁਕਮਾਂ ਅਤੇ ਹਕੂਮਤ ਦੀ ਖੁੱਲ੍ਹਮ ਖੁੱਲ੍ਹੀ ਵਿਰੋਧਤਾ ਹੈ।...ਜੇਕਰ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਨਾ ਦਿੱਤੀਆਂ ਗਈਆਂ, ਤਦ ਇਸ ਪਰਕਾਰ ਦੀ ਵਿਰੋਧਤਾ ਸਾਡੀ ਹਕੂਮਤ ਲਈ ਕਦੀ ਨਾ ਕਦੀ ਬੜੀ ਖਤਰਨਾਕ ਸਾਬਤ ਹੋਵੇਗੀ।..."ਮੁਲਕ ਦੇ ਅੰਦਰੂਨੀ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ, ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲ੍ਹਾ ਦੇਕੇ ਐਸੀ ਜਗ੍ਹਾ ਰਖਿਆ ਜਾਵੇ, ਜਿੱਥੇ ਉਸ ਦੇ ਸ਼ਰਧਾਲੂਆਂ ਵਿਚੋਂ ਕੋਈ ਭੀ ਉਸਨੂੰ ਨਾ ਮਿਲ ਸਕੇ। ਉਸ ਦੇ ਸੂਬਿਆਂ ਨੂੰ ਉਹਨਾਂ ਦੇ ਪਿੰਡੀਂ ਨਜ਼ਰਬੰਦ ਕੀਤਾ ਜਾਵੇ ਅਤੇ ਕੂਕਿਆਂ ਦੇ ਦੀਵਾਨ ਮੇਲੇ ਤੇ ਇਕੱਤਰਤਾਵਾਂ ਹੁਕਮਨ ਬੰਦ ਕਰ ਦਿੱਤੇ ਜਾਣ।"[8]

ਮੈਕਐਂਡਰੀਊ ਬੁੱਚੜਾਂ ਦੇ ਕਤਲਾਂ ਵਿਚ ਗੁਰੂ ਰਾਮ ਸਿੰਘ ਨੂੰ ਉਤਪਰੇਰਕ ਤਾਂ ਮੰਨਦਾ ਹੈ ਪਰ ਇਹਨਾਂ ਮਸਲਿਆਂ ਵਿਚ ਗੁਰੂ ਰਾਮ ਸਿੰਘ ਨੂੰ ਉਲਝਾਉਣ ਤੋਂ ਬਗੈਰ ਹੀ ਹਕੂਮਤ ਦੀ ਸਿਆਸੀ ਲੋੜ ਅਤੇ ਅਮਨ ਕਾਇਮ ਰੱਖਣ ਦੇ ਨਾਮ ਤੇ ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਦੇਣਾ ਚਾਹੁੰਦਾ ਹੈ। ਪੰਜਾਬ ਦਾ ਲਾਟ ਅਤੇ ਹੋਰ ਉਚ ਅਧਿਕਾਰੀ ਇਹ ਵੀ ਸਮਝਦੇ ਹਨ ਕਿ ਜੇ ਇਹਨਾਂ ਕਤਲਾਂ ਸਬੰਧੀ ਗੁਰੂ ਰਾਮ ਸਿੰਘ ਤੇ ਖੁੱਲ੍ਹੀ ਅਦਾਲਤ ਵਿਚ ਮੁਕਦਮਾ ਚਲਾਇਆ, ਜੋ ਸਬੂਤਾਂ ਦੀ ਕਮੀ ਦੇ ਆਧਾਰ ਤੇ ਸਿਰੇ ਨਾ ਚੜ੍ਹ ਸੱਕਿਆ ਤਾਂ ਉਸ ਦੇ ਚੇਲਿਆਂ ਵਿਚ ਗੁਰੂ ਰਾਮ ਸਿੰਘ ਦੀ ਜੈ ਜੈਕਾਰ ਵਧ ਜਾਏਗੀ। ਇਸ ਲਈ ਉਹ ਬੰਗਾਲ ਰੈਗੂਲੇਸ਼ਨ ੧੮੧੮ ਦੀ ਧਾਰਾ ੩ ਦੇ ਅਧੀਨ ਕਾਰਵਾਈ ਲਈ ਹੀ ਮਨ ਬਣਾ ਬੈਠੇ ਹਨ।

ਦੂਜੇ ਪਾਸੇ ਸਰਕਾਰ ਦੀਆਂ ਚਿੜਾਉਣ ਵਾਲੀਆਂ ਕਾਰਵਾਈਆਂ, ਸਤਿਗੁਰੂ ਜੀ ਨੂੰ ਝੂਠੇ ਗਵਾਹਾਂ ਦੁਆਰਾ ਫਸਾਉਣ ਦੀਆਂ ਸਾਜਿਸ਼ਾਂ ਤੋਂ ਨਾਮਧਾਰੀ ਸਿੰਘ ਵੀ ਤੰਗ ਆ ਚੁੱਕੇ ਸਨ ਇਸ ਸਥਿਤੀ ਦਾ ਵਿਸ਼ਲੇਸ਼ਣ ਭਾਈ ਨਾਹਰ ਸਿੰਘ ਬੜੇ ਸਟੀਕ ਸ਼ਬਦਾਂ ਵਿਚ ਕਰਦੇ ਹਨ-

"ਇਨ੍ਹਾਂ ਰੀਪੋਰਟਾਂ ਦੇ ਅਧਾਰ ਤੇ ਕੂਕਿਆਂ ਦੇ ਦੀਵਾਨ ਅਤੇ ਮੇਲੇ ਲਾਵਣੇ ਬੰਦ ਕਰ ਦਿੱਤੇ ਗਏ ਅਤੇ ਇਸ ਹੁਕਮ ਤੇ ਸਖਤੀ ਨਾਲ ਅਮਲ ਹੋਵਣ ਲੱਗਾ। ਨਾਮਧਾਰੀਆਂ ਨੇ ਧਰਮ ਅਤੇ ਸਮਾਜ ਸੁਧਾਰ ਪਰਚਾਰ ਕਰਨ ਤੇ ਐਸੀਆਂ ਪਾਬੰਦੀਆਂ ਲੱਗਣ ਕਾਰਨ ਵਿਦੇਸ਼ੀ ਸਰਕਾਰ ਨਾਲ ਸਿਧੀ ਟੱਕਰ ਲੈਣ ਦੇ ਫੈਸਲੇ ਕਰ ਲਏ। ਸਰਕਾਰ ਦੇ ਅਯੋਗ ਹੁਕਮਾਂ ਦੀ ਉਲੰਘਣਾ ਕਰਨ ਲਈ ਜਾਨਾਂ ਤਲੀਆਂ ਤੇ ਰੱਖ ਲਈਆਂ। ਦੁਖੇ ਹੋਏ, ਅਤੇ ਸਰਕਾਰੀ ਕਰਮਚਾਰੀਆਂ ਦੀਆਂ ਨਿਤ ਨਿਤ ਦੀਆਂ ਸਖਤੀਆਂ ਝੱਲ ਝੱਲ ਕੇ ਤੰਗ ਆਏ ਹੋਏ, ਸ਼ਸਤਰਹੀਣ ਮਾਈਆਂ ਦੇ ਲਾਲਾਂ ਨੇ ਸਿਰ ਦੇ ਕੇ ਸੁਰਖਰੂ ਹੋਵਣ ਦੇ ਪਰਣ ਲੈ ਲੀਤੇ।"[9]

ਜਦੋਂ ਸ੍ਰੀ ਸਤਿਗੁਰੂ ਜੀ ਦਾ ਪਰਤਾਪ ਵਧ ਰਿਹਾ ਸੀ ਤ੍ਾਂ ਪਟਿਆਲੇ, ਨਾਭੇ, ਜੀਂਦ, ਫਰੀਦਕੋਟ ਆਦਿ ਸਿੱਖ ਰਿਆਸਤਾਂ ਦੇ ਲੋਕ ਧੜਾ-ਧੜ ਕੂਕੇ ਬਣ ਰਹੇ ਸਨ। ਬਾਬਾ ਕਾਹਨ ਸਿੰਘ ਨਿਹੰਗ ਚੱਕ ਵਾਲੇ ਸੂਬੇ ਦੇ ਪਰਚਾਰ ਨਾਲ ਪਟਿਆਲਾ ਸ਼ਹਿਰ ਵਿਖੇ ਵੀ ਸਿੱਖੀ ਵਧਣੀ ਸ਼ੁਰੂ ਹੋਈ। ਮਸਤਾਨਾ ਜਥੇ ਦੇ ਆਗੂ ਭਾਈ ਹੀਰਾ ਸਿੰਘ ਦਾ ਪਿਤਾ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਦੇ ਲੱਸੀਖਾਨੇ ਵਿਚ ਸੀ। ਸਰਦਾਰ ਹੀਰਾ ਸਿੰਘ ਮਹਾਰਾਜਾ ਦੇ ਬਸਤਰਖਾਨੇ ਵਿਚ ਹਾਜ਼ਰ ਬਾਸ਼ ਸੀ। ਹੀਰਾ ਸਿੰਘ ਪਿੰਡ ਸਕਰੌਦੀ ਦੇ ਗਰੇਵਾਲ ਸਰਦਾਰਾਂ ਦੇ ਘਰਾਣੇ ਵਿਚੋਂ ਸੀ। ਉਸਦੀ ਮਾਤਾ ਨੇ ਸੂਬਾ ਗਿਆਨੀ ਸਿੰਘ ਤੋਂ ਭਜਨ ਲਿਆ ਸੀ। ਸਕਰੌਦੀ ਹੀਰਾ ਸਿੰਘ ਦੀ ਮਾਈ ਨੇ ੧੯੨੬ ਬਿਕਰਮੀ ਮੁਤਾਬਿਕ ੧੮੬੯ ਈ. ਦੀ ਦੀਵਾਲੀ ਦੇ ਮੌਕੇ ਤੇ ਮੇਲਾ ਕੀਤਾ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤੇ। ਇਸ ਤੋਂ ਥੋਹੜੇ ਸਮੇਂ ਬਾਅਦ ਭਾਈ ਹੀਰਾ ਸਿੰਘ ਪਟਿਆਲੇ ਤੋਂ ਛੁੱਟੀ ਲੈ ਕੇ ਆਇਆ। ਮਾਈ ਦੀ ਸਿਫਾਰਸ਼ ਤੇ ਦਿਆਲਗੜ੍ਹ ਭੋਗ ਸੁਣਨ ਗਏ ਹੀਰਾ ਸਿੰਘ ਨੂੰ ਚੱਕ ਵਾਲੇ ਸੂਬਾ ਕਾਹਨ ਸਿੰਘ ਨੇ ਭਜਨ ਦੇ ਦਿੱਤਾ। ਸੂਰਬੀਰ ਸਿੰਘ ਸਜ ਕੇ ਨਾਮ ਬਾਣੀ ਦੇ ਰੰਗ ਵਿਚ ਰੰਗਿਆ ਗਿਆ। ਰਾਜੇ ਦੀ ਨੌਕਰੀ ਆਪ ਵੀ ਛੱਡ ਦਿੱਤੀ ਅਤੇ ਸਾਥੀਆਂ ਨੂੰ ਵੀ ਛੁਡਾ ਦਿੱਤੀ। ਲਹਿਣਾ ਸਿੰਘ, ਅਨੂਪ ਸਿੰਘ ਪਿੰਡੋਂ ਹੀ ਚਾਚੇ ਤਾਏ ਦੇ ਪੁੱਤ ਭਰਾ ਨਾਲ ਹੋ ਗਏ। ਦਿਆਲਗੜ੍ਹ ਵਾਲੇ ਭੂਪ ਸਿੰਘ, ਵਸਾਵਾ ਸਿੰਘ, ਵਰਿਆਮ ਸਿੰਘ ਵੀ ਹੀਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ। ਭਾਈ ਹੀਰਾ ਸਿੰਘ ਆਪਣੇ ਘਰ ਦਾ ਧਨ ਵੀ ਗੁਰਦੁਆਰੇ ਲਿਆ ਕੇ ਸੰਗਤ ਦੀਆਂ ਖੁਸ਼ੀਆਂ ਲੈਣ ਲੱਗ ਪਏ। ਸ਼ਹੀਦੀ ਦੇਗਾਂ ਦੇ ਰਗੜੇ ਲੱਗਦੇ ਅਤੇ ਦਸਵੇਂ ਪਾਤਸ਼ਾਹ ਦੀਆਂ ਬੀਰ ਰਸੀ ਬਾਣੀਆਂ ਦਾ ਨਿਰੰਤਰ ਪਾਠ ਆਰੰਭ ਹੋ ਗਿਆ। ਫਿਰ ਰੜ ਪਿੰਡ ਜਿੱਥੇ ਆਪ ਦੇ ਨਾਨਕੇ ਸਨ, ਉੱਥੋਂ ਦੇ ਕੁਝ ਸਿੰਘਾਂ ਨੂੰ ਵੀ ਆਪਣੇ ਜਥੇ ਵਿਚ ਸ਼ਾਮਲ ਕਰ ਲਿਆ।

ਮਾਰਚ ੧੮੭੦ ਈ. ਨੂੰ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੋਂ ਵਾਪਸ ਆ ਕੇ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਵਿਖੇ ਹੀ ਟਿਕਣ ਦਾ ਸੰਕਲਪ ਹੀਰਾ ਸਿੰਘ ਹੋਰਾਂ ਨੇ ਕਰ ਲਿਆ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਹੀਰਾ ਸਿੰਘ ਘਰ ਜਾਓ ਅਤੇ ਹਲ ਵਾਹੋ। ਤਾਂ ਭਾਈ ਹੀਰਾ ਸਿੰਘ ਤੇ ਉਸਦੇ ਜਥੇ ਦੇ ਸਿੰਘ ਦਾ ਜੁਆਬ ਸੀ ਕਿ ਹਲ ਤਾਂ ਅਸੀਂ ਫੂਕ ਆਏ ਹਾਂ। "ਦੀਨ ਦਿਆਲ ਜੀ ਬੋਲਾ ਕੀਤਾ ਤੇਜੀ ਮੈਂ ਹੋਇ ਕੇ, ਹਲ ਤਾਂ ਫੂਕ ਦਿੱਤੇ ਹੈ ਤੇ ਕੰਮ ਜਲਾਹਿਆ ਦਾ ਕਰੋਗੇ ?" "ਜਾਵੋ ਇਕ ਵਾਰ ਸਕਰੌਦੀ, ਨਾਲ ਜਨਾਨੇ ਆਏ ਹੋਏ ਸੇ ਨਾਲ ਹੀਰਾ ਸਿੰਘ ਕੀ ਮਾਈ, ਤਿਨ੍ਹਾਂ ਨੇ ਭੀ ਕਿਹਾ ਜੀ ਇਹਨਾਂ ਨੂੰ ਭੇਜੋ ਜਾਂਦੇ ਨਹੀਂ ਹੈ। ਸ੍ਰੀ ਸਤਿਗੁਰੂ ਜੀ ਕਾ ਬਚਨ ਮੰਨ ਕੇ ਫੇਰ ਗਏ ਸਕਰੌਦੀ।

"ਭਾਈ ਹੀਰਾ ਸਿੰਘ ਦਾ ਸਰੀਰ ਦਰਮਿਆਨਾ ਸੀ। ਚੌਗਿਰਦ ਦਾੜ੍ਹਾ ਘੇਰੇਦਾਰ। ਜਦ ਬੋਲਦੇ ਹੈਂ ਤਾਂ ਮਾਨੋ ਧਰਤੀ ਨਾਲ ਬੋਲਦੀ ਹੈ। ਚਾਲੀ ਸੇਰਾ ਬੇਮੁਹਤਾਜਾ ਬੋਲਾ ਕਰਦੇ ਹੈਂ ਭਾਵੇਂ ਕੋਈ ਗੁੱਸੇ ਹੀ ਹੋਵੇ। ਜੋ ਸਿੰਘ ਆਵੇ ਬੜੇ ਪ੍ਰੇਮ ਨਾਲ ਸੇਵਾ ਕਰਨੀ। ਧਰਮਸਾਲਾ ਬਣਾਇ ਕਿ ਵਿਚ ਖੂਹੀ ਲਵਾਇ ਦਿਤੀ ਆਏ ਗਏ ਵਾਸਤੇ ਬਿਸਰਾਮ ਕੋ, ਸਵਾ ਪਹਿਰ ਸੇ ਇਸ਼ਨਾਨ ਕਰਨਾ। ਰਾਤ ਦਿਨ ਭਜਨ ਬਾਣੀ ਪੜਨੇ ਲਗੇ।... ਮਾਨ ਸਰੋਵਰ ਸੇ ਹੰਸ ਆਏ ਲੱਥੇ ਹੈਂ ਨਾਮ ਕੇ ਮੋਤੀ ਚੁਗਦੇ ਹੈਂ। ਕਈਆਂ ਸਿੰਘਾਂ ਕਾ ਜਥਾ ਇਕੱਤਰ ਹੋਇਆ। ਜੋ ਭਾਈ ਹੀਰਾ ਸਿੰਘ ਬਚਨ ਕਰੇ ਸੋਈ ਸਿੰਘਾਂ ਨੇ ਮੰਨਣਾ।"[10]

ਭਾਈ ਹੀਰਾ ਸਿੰਘ ਦੀ ਮਾਈ ਨੇ ਸਕਰੌਦੀ ਮੇਲਾ ਕੀਤਾ, ਜਿਸ ਵਿਚ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਅਰੋੜਾ ਸਿੱਖ

ਭੀ ਆਇਆ। ਇਸ ਦੀ ਸੇਵਾ ਸਤਿਗੁਰੂ ਜੀ ਨੇ ਰੂਸ ਨਾਲ ਰਾਜਨੀਤਕ ਸੰਪਰਕ ਕਾਇਮ ਕਰਨ ਲਈ ਲਾਈ ਸੀ। ਬਾਬਾ ਬਿਸ਼ਨ ਸਿੰਘ ਸ਼ਹੀਦੀ-ਜਥੇ ਦੇ ਸਿੰਘਾਂ ਨੂੰ ਮਿਲ ਕੇ ਗਦ ਗਦ ਹੋ ਗਿਆ। ਫਿਰ ਗੰਗੜਪੁਰ ਦੇ ਸਿੰਘਾਂ ਦੇ ਜੋੜ ਮੇਲੇ ਤੇ ਇਹ ਸਾਰੇ ਸਿੰਘਾਂ ਸੂਬਾ ਬਿਸ਼ਨ ਸਿੰਘ ਸਮੇਤ ਪਹੁੰਚੇ। "ਸ਼ੇਰਾਂ ਵਾਂਗੂੰ ਗੱਜਦੇ ਗਗੜਪੁਰ ਆਏ। ਬਾਬੇ ਬਿਸ਼ਨ ਸਿੰਘ ਨੇ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿੰਘਾਂ, ਭਾਈ ਹੀਰਾ ਸਿੰਘ ਤੇ ਭਾਈ ਨੰਦ ਸਿੰਘ ਤੇ ਲਹਿਣਾ ਸਿੰਘ, ਅਤਰ ਸਿੰਘ, ਅਨੂਪ ਸਿੰਘ ਨੂੰ ਛਕਾਇਆ ਮਰਜਾਦਾ ਨਾਲ। ਪਾਚੋਂ ਪਿਆਰੇ ਨਾਮ ਰੱਖਿਆ ਜਿਹਨਾਂ ਸਿੰਘਾਂ ਨੇ ਅੰਮ੍ਰਿਤ ਛਕ ਕੇ ਧਰਮ ਹੇਤ ਸੀਸ ਦੇਣਾ ਹੈ। ਬਾਬੇ ਬਿਸ਼ਨ ਸਿੰਘ ਜੀ ਬਚਨ ਕੀਤਾ ਗਊ ਗਰੀਬ ਕੇ ਨਮਿਤ ਸੀਸ ਦੇਣਾ ਹੋਗਾ। ਕਿਸੇ ਸ਼ਿਕਸਤ ਨਹੀਂ ਖਾਣੀ। ਧਰਮ ਜਹਾਜ ਛੁੱਟੇਗਾ। ਪੂਰ ਭਰਨ ਲੱਗੇ ਹੈਂ। ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ ਕਿ ਧਰਮ ਹੇਤ ਸਾਡੇ ਸੀਸ ਲੱਗਣਗੇ। ਜੇੜੀ ਕਾਰ ਵਰਤਨੀ ਹੈ ਸੋਈ ਫੁਰਨਾ ਸਿੰਘਾਂ ਦੇ ਦਿਲਾਂ ਵਿਚ ਫੁਰਨੇ ਲਗਾ। ਜੰਗ ਕਾ ਫੁਰਨਾ ਹੋਣੇ ਲਗਾ ਸਿੰਘਾਂ ਨੂੰ।"[11] (ਚਲਦਾ...)

ਫੁੱਟ ਨੋਟ :

1. ਜੁੱਗ ਪਲਟਾਊ ਸਤਿਗੁਰੂ- ਦਿੱਲੀ- ੧੯੪੭ ਸਫਾ ੩-੪
2. ਨਾਮਧਾਰੀ ਇਤਿਹਾਸ- ਨਵੀਂ ਦਿੱਲੀ-੧੯੫੭ ਈ. ਸਫਾ ੧੩੪-੧੩੬
3. ਗੇਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸੰਪਾਦਿਕ ਨਾਹਰ ਸਿੰਘ ਕ੍ਰਿਪਾਲ ਸਿੰਘ- ਦਿੱਲੀ- ੧੯੮੯ ਸਫਾ ੧੫੬
4. ਨਾਮਧਾਰੀ ਇਤਿਹਾਸ- ੨੭੭-੭੮
5. ਉਪਰੋਕਤ- ਸਫਾ ੩੩੫
6. ਉਪਰੋਕਤ- ਸਫਾ ੩੩੪
7. ਉਪਰੋਕਤ- ਸਫਾ ੩੪੩-੪੪
8. ਗੇਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ- ਸਫਾ ੧੪੬-੧੫੦
9. ਨਾਮਧਾਰੀ ਇਤਿਹਾਸ- ਸਫਾ ੩੬੫
10. ਸਤਿਗੁਰੂ ਬਿਲਾਸ ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ (ਸੰਪਾਦਕ ਜਸਵਿੰਦਰ ਸਿੰਘ)-੨੦੦੨ ਈ.- ਸ੍ਰੀ ਭੈਣੀ ਸਾਹਿਬ ਸਫਾ ੩੫੦-੫੧
11. ਉਪਰੋਕਤ- ਸਫਾ ੩੭੫-੭੬

ਸੰਤ ਗਿਆਨ ਸਿੰਘ ਜੰਡਿਆਲੀ



ਪ੍ਰਾਈਮ ਇੰਡਸਟਰੀਜ਼ ਗੁਰੂ ਤੇਗ ਬਹਾਦਰ ਨਗਰ ਫਗਵਾੜਾ ਵਾਲੇ ਸੰਤ ਗਿਆਨ ਸਿੰਘ (ਜੰਡਿਆਲੀ ਪਿੰਡ ਵਾਲੇ) ਪੁਰਾਣੇ ਪ੍ਰਸਿਧ ਨਾਮਧਾਰੀ ੧੭ ਨਵੰਬਰ ੨੦੦੭ ਨੂੰ ਆਪਣੀ ਸੰਸਾਰ ਯਾਤਰਾ ਸਫਲਤਾ ਸਹਿਤ ਸੰਪੂਰਨ ਕਰ ਗਏ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੂਰਨ ਆਸਥਾਵਾਨ ਸੰਤ ਗਿਆਨ ਸਿੰਘ ਜੀ ਨਾਮਧਾਰੀ ਪੰਥ ਅਤੇ ਹੋਰ ਸਮਾਜਾਂ ਵਿਚ ਵੀ ਉਘੀ ਸ਼ਖਸ਼ੀਅਤ ਵਜੋਂ ਜਾਣੇ ਜਾਂਦੇ ਸਨ। ੨੬ ਨਵੰਬਰ ੨੦੦੭ ਸੋਮਵਾਰ ਨੂੰ ਆਪ ਜੀ ਨਮਿਤ ਸਹਿਜ ਪਾਠ ਦਾ ਭੋਗ ਪਰਿਵਾਰ ਦੇ ਨਿਵਾਸ ਅਸਥਾਨ ੩੪੦ ਗੁਰੂ ਹਰਿਗੋਬਿੰਦ ਨਗਰ ਫਗਵਾੜਾ ਵਿਚ ਪਾਇਆ ਗਿਆ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਚ ਹੋਇਆ। ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਹੋਰਾਂ ਜੱਥੇ ਨਾਲ ਵੈਰਾਗਮਈ ਕੀਰਤਨ ਕੀਤਾ। ਸੰਪਾਦਕ ਵਰਿਆਮ ਸ. ਜਗਦੀਸ਼ ਸਿੰਘ, ਸਾਬਕਾ ਪੰਜਾਬ ਮੰਤਰੀ ਸ. ਜੁਗਿੰਦਰ ਸਿੰਘ ਮਾਨ ਅਤੇ ਫਗਵਾੜਾ ਦੀ ਮਿਊਂਸਪਲ ਕੌਂਸਲ ਦੇ ਪ੍ਰਧਾਨ ਸ. ਰਘਬੀਰ ਸਿੰਘ ਰਗਬੋਤਰਾ ਨੇ ਸੰਤ ਗਿਆਨ ਸਿੰਘ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਦਿਆਂ ਉਹਨਾਂ ਦੇ ਸੇਵਾ ਸਿਮਰਨ ਪ੍ਰੇਮ ਭਾਵ ਅਤੇ ਕਿਰਤ ਪ੍ਰਧਾਨ ਜੀਵਨ ਨੂੰ ਯਾਦ ਕੀਤਾ। ਸ. ਹਰਗੁਰਦੇਵ ਸਿੰਘ ਝਿੱਕਾ ਨੇ ਕੁਸ਼ਲ ਸਟੇਜ ਪ੍ਰਬੰਧਨ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿਚ ਫਗਵਾੜਾ ਦੀ ਕੁਲ ਇੰਡਸਟਰੀ ਦੇ ਲੋਕ ਅਤੇ ਸਮਾਜਕ ਰਾਜਨੀਤਕ ਹਸਤੀਆਂ ਅਤੇ ਨਾਮਧਾਰੀ ਸੰਗਤਾਂ ਭਰਪੂਰ ਗਿਣਤੀ ਵਿਚ ਹਾਜ਼ਰ ਸਨ। ਸੰਤ ਗਿਆਨ ਸਿੰਘ ਜੀ ਦੇ ਸਪੁੱਤਰਾਂ ਸ. ਨਿਰਮਲ ਸਿੰਘ, ਸ. ਪਰਮਜੀਤ ਸਿੰਘ, ਸ. ਜਗਤਾਰ ਸਿੰਘ, ਸ. ਬਲਵੀਰ ਸਿੰਘ ਨੇ ਪਰਿਵਾਰ ਸਹਿਤ ਪ੍ਰਾਈਮ ਇੰਡਸਟਰੀਜ਼ ਵੱਲੋਂ ਸਭ ਦਾ ਧੰਨਵਾਦ ਕੀਤਾ ਅਤੇ ਲੰਗਰ ਜਲ ਪਾਣੀ ਸਹਿਤ ਸੇਵਾ ਕੀਤੀ।

ਸੰਤ ਗਿਆਨ ਸਿੰਘ ਜੀ ਦਾ ਪਰਿਵਾਰ ਦੇਸ਼ ਵਿਦੇਸ਼ ਵਿਚ ਫੈਲਿਆ ਹੈ ਅਤੇ ਆਪ ਦੀ ਇੱਕ ਭੈਣ ਬੀਬੀ ਰਛਪਾਲ ਕੌਰ ਨੈਰੋਬੀ (ਕੀਨੀਆ) ਦੀ ਪ੍ਰਸਿਧ ਹਸਤੀ, ਸਵ : ਸ. ਗੁਰਚੈਨ ਸਿੰਘ ਫਲੋਰਾ ਦੀ ਜੀਵਨ ਸਾਥਣ ਹੈ।

ਰਾਮ ਘਰ ਆਵਣਗੇ

—ਕਰਤਾਰ ਸਿੰਘ ਨੀਲਧਾਰੀ

"ਜੇ ਤਾਂ ਮੇਰਾ ਸਰੀਰ ਉਹ ਹੈ ਜੇਹੜਾ ਪ੍ਰਹਿਲਾਦ ਸਰ ਵਾਲੀ ਪੋਥੀ ਮੇ ਲਿਖਾ ਹੈ-"ਬਾਢੀ ਸੁਤ ਕਹੀਏ ਗੁਰ ਜੋਈ, ਮਮਕਲਾ ਤੇ ਅਵਤਾਰ ਹੋਈ"- ਤਾਂ ਤੇ ਮੈਂ ਆਪੇ ਹੀ ਆਇ ਜਾਊਂਗਾ ਪੰਜਾਬ ਦੇਸ ਮੇ। ਜੇ ਓਹ ਨਹੀਂ ਤਾਂ ਮੇਰਾ ਦਰਸ਼ਨ ਕਰਕੇ ਕਿਨੇ ਕੀ ਕਰਨਾ ਹੈ ? ਤਾਂ ਅਨੇਕ ਤਖਾਣ ਮੇਰੇ ਜੈਸੇ, ਮੇਤੇ ਚੰਗੇ ਦੇਸ ਮੇ ਹੈਨ॥ ਅਰ ਜੇ ਕਹੇ ਮੈ ਜਾਣਿਆ ਹੈ ਜੋ ਰਾਮ ਸਿੰਘ ਓਹੋ ਹੈ ਬਾਰਮੀ ਜਾਗਾ ਉਤੇ ਤਾਂ ਓਹੋ ਮੇਰਾ ਬਚਨ ਮੰਨੇ ਜੋ ਮੈਂ ਹੁਕਮ ਦੇਵਾ। ਅਰ ਜੇ ਜਾਣਾ ਬਈ ਰਾਮ ਸਿੰਘ ਗੁਰੂ ਹੈ ਅਰ ਗੁਰੂ ਜਾਣ ਕੇ ਹੁਕਮ ਨਾ ਮੰਨਿਆ ਤਾ ਨਾ ਮੈਂ ਓਸਦਾ ਨਾ ਓਹ ਮੇਰਾ। ਨਾ ਓਸਨੂੰ ਕੁਛ ਈ ਹੋਵੈ ਹੁਕਮੁ ਮੰਨੇ ਬਿਨਾ। ਅਰ ਜੇ ਜਾਣਿਆ ਉਹ ਨਹੀਂ ਰਾਮ ਸਿੰਘ ਜੋ ਬਾਢੀ ਸੁਤ ਕਹਾ ਹੈ ਤਾਂ ਫੇਰ ਕਾਸਨੂ ਆਉਣਾ ਏਥੇ ਨਾਲੇ ਕੂਕਾ ਨਾਉ ਧਰਾਉਣਾ ਹੈ। ਬਦਨਾਮੀ ਝਲਣੀ ਹੈ ਸਾਰੇ ਮੁਲਖ ਦੀ।" (ਹੁਕਮਨਾਮਾ ਅੰਸ਼)

ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਭੇਜ ਕੇ ਪਹਿਲਾਂ ਦੋ ਮਹੀਨੇ ਜੇਲ੍ਹ ਵਿਚ ਰਖਿਆ ਗਿਆ ਸੀ ਤੇ ਫੇਰ ਰੰਗੂਨ ਵਿਚ ਉਸੇ ਡਾਕ ਬੰਗਲੇ ਵਿਚ ਠਹਿਰਾਇਆ ਗਿਆ ਜਿਥੇ ਬਹਾਦੁਰ ਸ਼ਾਹ ਜਫਰ (ਸੰਨ ੧੮੫੮-੧੮੬੨ ਤੇ ਉਸਦੀ ਬੇਗਮ ੧੮੬੫ ਤੱਕ) ਰਿਹਾ ਸੀ। ਬਾਦਸ਼ਾਹ ਜਫਰ ਫਕੀਰਾਨਾ ਤੰਗਹਾਲੀ ਵਿਚ ਮਰਨ ਪਿਛੋਂ ਦਿੱਲੀ ਬਣਵਾਏ ਮਕਬਰੇ ਵਿਚ ਦਫ਼ਨ ਹੋਣ ਲਈ ਲਿਲਕੜੀਆਂ ਲੈਂਦਾ ਰਿਹਾ। ਫਿਰੰਗੀਆਂ ਨੂੰ ਜ਼ਫਰ ਨਾਲੋਂ ਜ਼ਫਰ ਦੀ ਲਾਸ਼ ਤੋਂ ਬਹੁਤਾ ਭੈ ਲੱਗਦਾ ਸੀ ਤੇ ਜ਼ਫਰ ਨੇ ਗਾਇਆ- "ਕਿਤਨਾ ਬਦਨਸੀਬ ਹੈ ਜ਼ਫਰ ਦਫ਼ਨ ਕੇ ਲੀਏ ? ਸੰਤ ਫਕੀਰ ਸਤਿਗੁਰੂ ਰਾਜਾ ਰਾਮ ਸਿੰਘ ਬਣ ਕੇ ਕੇਵਲ ਇਕੋ ਦੁਖ ਮੰਨਦਾ ਸੀ—ਸਾਧਸੰਗਤ ਦੇ ਵਿਛੋੜੇ ਦਾ ਦੁਖ। ਸਮੁੰਦਰ ਚੀਰ ਕੇ ਕੂਕੇ ਰੰਗੂਨ ਪੁੱਜਣ ਲੱਗੇ ਤਾਂ ਸਤਿਗੁਰੂ ਜੀ ਨੂੰ ਸੰਨ ੧੮੮੦ ਵਿਚ ਮਰਗੋਈ ਦੇ ਸਪੈਸ਼ਲ ਵਾਰਡ ਜੇਲ੍ਹ ਵਿਚ ਭੇਜ ਦਿੱਤਾ ਗਿਆ। ਸਾਲ ਬਾਦ ਭਾਈ ਨਾਨੂ ਸਿੰਘ ਵੀ ਮੁੜ ਆਇਆ। ਮਗਰਲੇ ਚਾਰ ਸਾਲ ਕਿਵੇਂ ਬੀਤੇ ਕੋਈ ਸੁਖ ਸੁਣੇਹਾ ਨਹੀਂ। ਸਰਕਾਰੀ ਦਸਤਾਵੇਜ਼ਾਂ ਵਿਚ ਕੇਵਲ ਸਿਹਤ ਰਿਕਾਰਡ ਹਨ ਅਤੇ ਫੇਰ ਸੂਚਨਾ ਦਿੱਤੀ ਗਈ ੨੯ ਨਵੰਬਰ ੧੮੮੫ ਨੂੰ ਰਾਜਨ ਕਾ ਰਾਜਾ ਸਤਿਗੁਰੂ ਰਾਮ ਸਿੰਘ ਚੋਲਾ ਛਡ ਗਿਆ, ਪਰ ਉਸ ਸਤਿਗੁਰੂ ਦੇ ਨਿਤ ਵਰਤੋਂ ਦੇ ਚੋਲੇ ਵੀ ਫਿਰੰਗੀ ਨਾ ਦੇ ਸਕੇ।

੧੮੫੭ ਦੇ ਸਾਲ ਜਦੋਂ ਮਾਰਚ ਤੇ ਮਈ ਵਿਚ ਗ਼ਦਰ ਦੇ ਨਾਅਰੇ ਬੁਲੰਦ ਹੋ ਰਹੇ ਸਨ। ਉਦੋਂ ੧੨ ਅਪ੍ਰੈਲ ਵਾਲੇ ਦਿਨ ਇਕ ਸੰਤ ਪੁਰਸ਼ ਸੋਲਾਂ ਸਾਲ ਤੋਂ ਆਪਣੇ ਹਿਰਦੇ ਵਿਚ ਜਗਮਗ ਕਰਦੀ ਜੋਤਿ ਨੂੰ ਬੜੇ ਪਿਆਰ ਨਾਲ ਵੰਡਣ ਲੱਗਾ। ਅਤੇ ਇਕੋ ਵਾਰੀ ਪੰਜ ਦੀਵੇ ਜਗਾ ਕੇ ਰਾਤ ਦੇ ਹਨੇਰੇ ਨੂੰ ਪਰੇ ਹਟਾਣ ਦਾ ਉਪਰਾਲਾ ਕਰਨ ਲੱਗਾ। ਕੌਣ ਸੀ ਉਹ ਸੰਤ ? ਇਕ ਗਰੀਬ ਜਿਹੇ ਤਖਾਣ ਲੁਹਾਰ ਗੁਰਸਿੱਖ ਦਾ ਪੁਤਰ! ਜਿਸਦਾ ਪਿਤਾ ਬਟਾਈ ਦੀ ਜ਼ਮੀਨ ਵਾਹੁੰਦਾ ਸੀ। ਜੁਆਨੀ ਆਈ ਤਾਂ ਸ਼ਹਿਨਸ਼ਾਹੇ ਪੰਜਾਬ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਨੌਨਿਹਾਲ ਸਿੰਘ ਰਜਮੈਂਟ ਵਿਚ ਸੋਹਣੇ ਕੱਦ ਕਾਠ ਕਾਰਣ ਘੁੜਸਵਾਰ ਭਰਤੀ ਹੋ ਗਿਆ। ਉਸ ਸਿਪਾਹੀ ਨੂੰ ਅਪਨੇ ਬਚਪਨ ਦੀ ਸਾਧ ਬਿਰਤੀ ਨੂੰ ਸਿਪਾਹੀ ਬਣ ਕੇ ਵੀ ਪਰਗਟ ਕਰਨ ਲਗਿਆਂ ਸੰਕੋਚ ਨਾ ਹੋਇਆ। ਜਿਹੜਾ ਵੇਖਦਾ ਮੋਹਿਆ ਜਾਂਦਾ, ਜਿਹੜਾ ਵਰਤਦਾ ਬੇਮੋਲ ਵਿਕ ਜਾਂਦਾ, ਬਹੁਤਿਆਂ ਸਾਥੀਆਂ ਨੂੰ ਰੱਬ ਦੀ ਥਾਂ ਸਵੇਰੇ ਉਸਦਾ ਚਿਹਰਾ ਜ਼ਿਆਦਾ ਸ਼ਗੁਨਾ ਵਾਲਾ ਲੱਗਦਾ।

ਪੂਰਬਲੇ ਅੰਕੁਰ ਜਦੋਂ ਪ੍ਰਗਟਣ ਦਾ ਸਮਾਂ ਆਇਆ ਪਲਟਨ ਪਿਸ਼ੌਰ ਦੀ ਮੁਹਿਮ ਨੂੰ ਚਲ ਪਈ ਰਾਜਾ ਸ਼ੇਰ ਸਿੰਘ ਦਾ ਰਾਜ ਸੀ। ਖਜ਼ਾਨੇ ਦੀ ਉਡੀਕ ਸੰਜੋਗ ਨਾਲ ਹਜ਼ਰੋ ਸਾਹਿਬ, ਜਿਥੇ ਗੁਰੂ ਦੀ ਜੋਤਿ ਗੁਪਤ ਰਹਿ ਕੇ ਨਾਮ ਬਾਣੀ ਵੰਡ ਰਹੀ ਸੀ ਸ਼ਬਦ ਦਾ ਪਹਿਰਾ ਦੇ ਰਹੀ ਸੀ। ਪੰਜੀ ਫੌਜੀਆਂ ਦੇ ਭਾਗ ਖੁਲ੍ਹੇ ਸੰਤ ਸਿਪਾਹੀ ਨਾਲ ਸਭ ਨੂੰ ਗੁਰੂ ਦਾ ਨਾਮ ਮਿਲ ਗਿਆ। ਸੰਤ ਸਿਪਾਹੀ ਦੇ ਗਿਆਨ ਨੂੰ ਗਿਆਨ ਪ੍ਰਕਾਸ਼ ਹੋ ਗਿਆ-ਆਤਮ ਗਿਆਨ ਹੋ ਗਿਆ। ਗੁਪਤ ਗੁਰੂ ਨੇ ਇਸ ਸੰਤ ਸਿਪਾਹੀ ਨੂੰ "ਠਾਕੁਰ ਜੀ" ਕਹਿ ਕੇ ਨਿਵਾਜਿਆ ਠਾਕੁਰਾਈ ਪ੍ਰਗਟੀ। ਲਾਹੌਰ ਆ ਕੇ ਸਿਪਾਹੀ ਨਾਮ ਦੀ ਮਸਤੀ ਨਾਲ ਮਸਤਾਨਾ ਹੋ ਗਿਆ। ਆਪਣਿਆ ਨੇ ਤੋਪ ਨਾਲ ਸੰਗਲਾਂ ਨਾਲ ਬੰਨਿਆ-ਆਪਣਿਆਂ ਨੂੰ ਕੀਹ ਪਤਾ ਕਿ ਤੋਪਚੀ ਦੀ ਇਹੋ ਤੋਪ ਉਸਦੇ ਜੀਵਨ ਦਾ ਅੰਤ ਵੀ ਕਰ ਦੇਵੇਗੀ। ਡਲਹੌਜ਼ੀ ਦੇ ਖੂਨੀ ਪੰਜੇ ਅਤੇ ਲਾਹੌਰ ਦਰਬਾਰ ਵਿਚ ਕਾਬਜ਼ ਭੇੜੀਏ ਡੋਗਰਿਆਂ ਦੇ ਹਥੀਂ ਸ਼ਾਹੀ ਖਾਨਦਾਨ ਖਰਗੋਸ਼ਾਂ ਦੀ ਮੌਤ ਮਾਰਿਆ ਗਿਆ। ਮੁਦਕੀ ਦੀ ਲੜਾਈ ਵਿਚ ਸੱਚ ਦਾ ਸਿਪਾਹੀ ਫੌਜਾਂ ਦੀ ਜਿੱਤ ਦੀ ਅਸੱਤ ਅਰਦਾਸ ਨਾ ਕਰ ਸਕਿਆ। ਹਥਿਆਰ ਸੁਟ ਦਿੱਤੇ ਘਰ ਆ ਗਿਆ ਸੰਤ ਸਿਪਾਹੀ ਨੇ ਗੱਲ ਵਿਚ ਮਾਲਾ ਪਾ ਲਈ। ਘਰ

ਪਰਿਵਾਰ ਨੂੰ ਪਾਲਨ ਪੋਸ਼ਨ ਲਈ ਰਾਜ ਮਿਸਤ੍ਰੀ ਦਾ ਕਿੱਤਾ, ਸਵੇਰੇ ਸ਼ਾਮ ਢੋਲਕੀ ਨਾਲ ਕੀਰਤਨ ਕਰਦੇ ਕਰਦੇ ਚੈਤੰਨਿਆਂ ਮਹਾਂਪ੍ਰਭੂ ਬਣ ਕੇ ਨਿਰਤ ਕਰਣ ਲੱਗ ਜਾਂਦਾ। ਹੱਥ ਕਾਰ ਵਲ, ਇੰਨੀ ਚੁਸਤੀ ਫੁਰਤੀ ਕੇ ਮਜ਼ਦੂਰ ਇਟਾਂ ਗਾਰਾ ਦੇਂਦੇ ਥੱਕ ਜਾਂਦੇ। ਦਿਲ ਯਾਰ ਵਲ! ਨਾਮ ਏਨੀ ਤੇਜੀ ਨਾਲ਼ ਚਲਦਾ ਕਿ ਦੇਖਣ ਵਾਲੇ ਨੂੰ ਨਾਮ ਦੇ ਮਾਲਕ ਦੇ ਦਰਸ਼ਨ ਹੋ ਜਾਂਦੇ। ਸੰਤ ਸਿਪਾਹੀ ਨਹੀਂ ਸੰਤ ਕਾਰੀਗਰ ਦੇ ਸਰੂਪ ਵਿਚੋਂ! ਉਹ ਸੰਤ ਸਿਪਾਹੀ ਬਣ ਕੇ ਆਇਆ ਸੀ ਸਿੱਖੀ ਦੀ ਰਖਿਆ ਵਾਸਤੇ। ਉਹ ਸੰਤ ਮਿਸਤ੍ਰੀ ਬਣ ਕੇ ਆਇਆ ਸੀ ਡਿੱਗੇ ਢਠੇ ਖੰਡਰਾਤ ਹੋਏ ਪੰਥ ਨੂੰ "ਮੈਂ ਫੇਰ ਕਰੂੰਗਾ ਖਾਲਸਾ" ਮੁੜ ਘੜਣ ਵਾਸਤੇ ਕਿਰਤ ਵਿਰਤ ਕਰ ਧਰਮ ਦੀ ਮਾਇਆ ਕਮਾਈ ਫਿਰੋਜਪੁਰ ਦੇ ਕਿਲੇ ਦੀ ਉਸਾਰੀ ਵਿਚ ਠੇਕੇਦਾਰ ਮਾਮੇ ਨਾਲ ਕੰਮ ਕਰਕੇ। ਇਹ ਮਾਮੇ ਵੀ ਅਜੀਬ ਹੁੰਦੇ ਹਨ। ਕੰਸ ਬਣ ਕੇ ਕ੍ਰਿਸ਼ਨ ਨੂੰ ਮਰਵਾਣ ਦੀ ਕੋਸ਼ਿਸ਼ ਕਰਦੇ ਹੋਏ ਭਗਵਾਨ ਕ੍ਰਿਸ਼ਨ ਦੇ ਹੱਥੋਂ ਮਰ ਕੇ ਸ੍ਰੀ ਕ੍ਰਿਸ਼ਨ ਧਾਮ ਜਾਂਦੇ ਨੇ। ਮਾਰੀਚ ਮਾਮਾ ਰਾਵਣ ਦੇ ਪਾਪ ਕਰਨ ਲਈ ਸੋਨੇ ਦਾ ਹਿਰਣ ਬਣ ਕੇ ਰਾਮ ਦੇ ਹੱਥੋਂ ਮਰਕੇ ਰਾਮਪੁਰੀ ਚਲਾ ਗਿਆ। ਰਾਵਣ ਹੱਥੋਂ ਮਰ ਕੇ ਨਰਕ ਜਾਣੋ ਬਚ ਗਿਆ। ਕਿਰਪਾਲ ਮਾਮਾ ਬਾਲਕ ਗੋਬਿੰਦ ਰਾਏ ਦੀ ਪਾਲਨ ਦੀ ਸੇਵਾ ਕਰਦਾ ਉਸਤਾਦ ਵੀ ਬਣਿਆ। ਗੁਰੂ ਗੋਬਿੰਦ ਸਿੰਘ ਦਾ ਸਿੱਖ ਬਣ ਕੇ ਜੰਗ ਜੁੱਧ ਕਰਦਾ ਰਿਹਾ। ਹੁਕਮੀ ਬੰਦਾ ਬਣ ਕੇ ਸੇਵਾ ਕਰਦਾ ਰਿਹਾ। ਮਾਮਾ ਹਰੀ ਸਿੰਘ ਨੇ ਸੰਤ ਸਿਪਾਹੀ ਨੂੰ ਸੰਸਾਰ ਦੀ ਕਾਰੇ ਲਾਇਆ ਪਿੰਡ ਵਿਚ ਹੱਟ ਪੁਆਣ ਵਿਚ ਮਦਦ ਕਰ ਕੇ ਮਾਮੇ ਨੇ ਜੀਵਨ ਮੁਕਤੀ ਖਰੀਦ ਲਈ। ਸੰਤ ਸਿਪਾਹੀ ਪਿੰਡ ਵਿਚ ਆ ਗਿਆ ਪਰ, ਮਸਤੀ ਕਿਵੇਂ ਝਲੀ ਜਾਵੇ। ਅੰਤਰ ਦਸ਼ਾ ਵਿਚ ਸਿੱਖ ਪੰਥ ਦੀ ਅਧੋਗਤੀ ਵੱਡੀ ਚਿੰਤਾ ਸੀ। ਗੁਰੂ ਗ੍ਰੰਥ ਦੀ ਪਾਠ ਪੂਜਾ ਤਾਂ ਕਿਧਰੇ ਕਿਧਰੇ ਦੂਰ ਦੂਰ ਟਿਮਟਿਮਾਂਦਾ ਦੀਵਾ ਸੀ। ਲਾਹੌਰ ਦਰਬਾਰ ਦਾ ਪਤਨ ਦਿੱਲੀ ਦਰਬਾਰ ਦੇ ਮੁਗਲਾਂ ਦੇ ਪਤਨ ਨਾਲੋਂ ਵੱਖਰੀ ਕਹਾਣੀ ਨਹੀਂ ਸੀ—ਨਾ ਧਰਮ ਸੀ ਨਾ ਕਰਮ ਸੀ ਨਾ ਸ਼ਰਮ ਸੀ।

ਸੰਤ ਸਿਪਾਹੀ ਨੇ, ਮਸਤਾਨੇ ਨੇ ਇਕ ਇਕ ਮਿਤ੍ਰ ਨੂੰ ਹਿਲਾਇਆ ਜਗਾਇਆ ਤੇ ਕੇਵਲ ਚੋਕੜਾ ਮਾਰਣ ਦੀ ਜਾਚ ਦੱਸੀ। ਸਭ ਦੇ ਕੋਲ ਜਾਣ ਦੀ ਲੋੜ ਨਹੀਂ ਸੀ ਸਥੂਲ ਦੇਹਧਾਰੀ ਸੰਤ ਸਿਪਾਹੀ ਨੂੰ। ਉਸ ਦੇ ਨਾਮ ਸ਼ਕਤੀ ਦਾ ਸੂਖਮ ਸਰੂਪ ਸੁਪਨਿਆਂ ਵਿਚ, ਸੁਰਤਿ ਵਿਚ ਜਾਂ ਰਾਹ ਚਲਦੇ ਨੂੰ ਜਗਾ ਦਿੰਦਾ ਸੀ। ਪਰ ਉਸਨੂੰ ਆਪ ਨਾ ਦਿਨੇ ਚੈਨ ਸੀ ਨਾ ਰਾਤੀ ਚੈਨ ਸੀ। ਉਸਦਾ ਦਰਦ ਕੋਈ ਨਹੀਂ ਸੀ ਜਾਣਦਾ ਸਿਵਾਏ ਉਸਦੇ ਗੁਰੂ ਬਾਬੇ ਦੇ ਜਾਂ ਅਕਾਲ ਪੁਰਖ ਦੇ! ੧੮੫੭ ਆ ਗਈ ਮਿਤ੍ਰਾਂ ਪਿਆਰਿਆਂ ਨੂੰ ਲੈ ਜਾ ਕੇ ਹਜਰੋ ਸਾਹਿਬ ਪੁੱਜ ਗਿਆ। ਅਗੋਂ ਪ੍ਰੀਖਿਆ-ਗੁਰੂ ਦਾ ਸ਼ਬਦ ਮਾਈ ਪ੍ਰਭੀ ਵਿਚ ਨਿਵਾਸ ਕਰ ਰਿਹਾ ਸੀ।

ਸੰਤ ਸਿਪਾਹੀ ਦੀ ਅੰਤਰ ਦ੍ਰਿਸ਼ਟੀ ਚੇਤਨਾ ਨੇ ਪਹਿਲਾਂ ਮਾਈ ਪ੍ਰਭੀ ਦੇ ਚਰਣਾਂ ਵਿਚ ਸਿਰ ਟਿਕਾਇਆ। ਗੁਪਤ ਗੁਰੂ ਮੁਸਕਰਾ ਪਿਆ ਬੋਲਿਆ 'ਲੁੱਟ ਲਿਆ, ਲੁੱਟ ਲਿਆ ਚਾਂਦਨੀ ਚੌਕ। ਡੇਰੇ ਦੇ ਪੰਜ ਮੁਖੀਆਂ ਨੂੰ ਕਿਹਾ— ਠਾਕੁਰਾਂ ਨੂੰ ਮਥਾ ਟੇਕੋ। ਠਾਕੁਰਾਂ ਨੇ ਆਪ ਚਰਣ ਪਰਸ ਲਏ ਉਹ ਵੀ ਠੱਗੇ ਗਏ। ਗੁਰੂ ਨੇ ਜਿਸ ਦੀ ਵਸਤ ਸੀ ਉਸਦੇ ਅੱਗੇ ਰਖ ਦਿੱਤੀ ਸੰਤ ਸਿਪਾਹੀ ਠਾਕੁਰ ਸੀ ਗੁਰੂ ਸੀ। ਜਥੇ ਨਾਲ ਵਾਪਿਸੀ ਵਿਚ ਪਿੰਡਾਂ ਦੇ ਪਿੰਡਾਂ ਨੇ ਨਾਮ ਪਿਆਸ ਬੁਝਾਈ। ਦੜਪ ਵਿਚ ਆਕੇ ਪੰਡ ਹੀ ਖੁਲ ਗਈ-ਆਪ ਭੈਣੀ ਸਾਹਿਬ ਪੁੱਜ ਗਏ। ਵੈਸਾਖੀ ਆਈ ਪੰਜਾਂ ਮਿਤਰਾਂ ਪਿਆਰਿਆਂ ਨੂੰ ਖੰਡੇ ਅੰਮ੍ਰਿਤ ਵੰਡਿਆ। ਸਿੱਖੀ ਦੀ ਜੋਤਿ ਨੂੰ ਜਵਾਲਾ ਬਣਾਨ ਦਾ ਮੁੱਢ ਕਾਇਮ ਕੀਤਾ। ਅੱਜ ਹੋਰ ਕਲ ਹੋਰ ਬਾਬੇ ਨਾਨਕ ਦਾ ਹੱਟ ਖੁੱਲ ਗਿਆ ਤੇਰਾ ਤੇਰਾ ਕਰਕੇ ਠਾਕੁਰਾਂ ਨੇ ਨਾਮ ਇਸ ਤਰਾਂ ਵੰਡਿਆ-ਅਰਸ਼ਾਂ ਫਰਸ਼ਾਂ ਵਿਚ ਸਿਖ ਸੇਵਕ-ਨਾਮਧਾਰੀ ਸੱਦੇ ਗਏ। ਸਵੇਰੇ ਤਾਰਿਆਂ ਦੀ ਛਾਂ ਵਿਚ ਜਦੋਂ ਢੋਲਕੀਆਂ ਛੈਣਿਆਂ ਦੀ ਗੁੰਜਾਰ ਨਾਲ ਸੁਰਤਿ ਬਾਣੀ ਕੀਰਤਨ ਨਾਲ ਬਾਣੀ ਦੇ ਰਚਨਹਾਰ ਦੇ ਚਰਣਾਂ ਵਿਚ ਪੁੱਜ ਜਾਂਦੀ ਤਾਂ ਸੁਰਾਂ ਹੋਰ ਉਚੀਆਂ ਹੋ ਜਾਂਦੀਆਂ ਸੂਤਰ ਪੈ ਜਾਂਦੇ ਨੇ। "ਜਿਨ੍ਹੀ ਐਸਾ ਹਰਿਨਾਮ ਨਾ ਚੇਤਿਓ ਸੇ ਕਾਹੇ ਜਗ ਆਏ ਸੇ ਕਾਹੇ ਜਗ ਆਏ!!!" ਸੰਸਾਰੀ ਭੋਗਾਂ ਦੇ ਰਸੀਏ ਜੀਅ ਕਹਿੰਦੇ ਇਹ ਨਾਮਧਾਰੀ ਕੂਕਾ ਮਾਰਦੇ ਹਨ ਸੌਣ ਵੀ ਨਹੀਂ ਦਿੰਦੇ। ਨਾਮਧਾਰੀਆਂ ਨੇ ਨਿਮਰਤਾ ਵਿਚ ਕੂਕਾ ਅਖਵਾਉਣਾ ਵੀ ਪਸੰਦ ਕਰ ਲਿਆ।

ਹਮ ਕੂਕਰ ਤੇਰੇ ਦਰਬਾਰਿ ਭਉਕੇ ਆਗੈ ਬਦਨ ਪਸਾਰਿ॥

ਪੰਜਾਬ ਵਿਚ ਸਿੱਖੀ ਤਾਂ ਸੀ, ਪਰ ਆਤਮਾ ਰਹਿਤ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਦੀ ਫੂਕ ਮਾਰ ਕੇ ਆਤਮਾ ਸੁਰਜੀਤ ਕਰ ਦਿੱਤੀ। ਰਹਿਤ ਮਰਯਾਦਾ ਦੱਸ ਕੇ ਤਨ ਅਤੇ ਮਨ ਪਵਿਤ੍ਰ ਕਰ ਦਿੱਤੇ। ਖੰਡੇ ਪਾਹੁਲ ਦੇ ਕੇ ਮੁੜ ਦਸਮੇਸ਼ ਦੀ ਚਰਣੀ ਲਾ ਦਿੱਤਾ। ਗੁਰੂ ਮੂਰਤ ਨੂੰ ਸਥਾਪਿਤ ਕਰ ਦਿੱਤਾ, ਗੁਰੂ ਸ਼ਬਦ ਦੀ ਪੂਜਾ ਸ਼ੁਰੂ ਕਰ ਦਿੱਤੀ, ਪੰਥ ਨੂੰ ਰਹਿਣੀ ਰਹੇ ਦਾ ਸਿੱਖ ਬਣਾਕੇ ਭੰਨ ਕੇ ਘੜ ਦਿੱਤਾ। ਛੇ ਸਾਲਾਂ ਵਿਚ ਜਿਸ ਤੇਜੀ ਨਾਲ ਨਾਮ ਸਿਮਰਨ ਦੀ ਲਹਿਰ ਧਾਰਮਿਕ ਚੇਤਨਾ ਅਤੇ ਸਮਾਜਿਕ ਸੁਧਾਰ ਦੀ ਲਹਿਰ ਬਣ ਕੇ ਉਘੜ ਗਈ ਉਹ ਸਭ ਲਈ ਵੱਡਾ ਚਮਤਕਾਰ ਸੀ।

ਖੰਡੇ ਪਾਹੁਲ ਦਾ ਬਿਨਾ ਮੋਖ ਪ੍ਰਚਾਰ ਨੇ ਨਿਹੰਗਾਂ ਦੇ ਮੁਖੀਆਂ

ਅਤੇ ਗੁਰਦਵਾਰਿਆਂ ਦੇ ਪੁਜਾਰੀਆਂ ਨੂੰ ਵਿਹਲਾ ਕਰ ਦਿੱਤਾ। ਉਨ੍ਹਾਂ ਦੀ ਠੇਕੇਦਾਰੀ ਅਤੇ ਸਿੱਖੀ ਦੀ ਚੁੰਗੀ ਮੁੱਕ ਗਈ। ਘਰ-ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਅਤੇ ਨਾਮਬਾਣੀ ਦੇ ਪ੍ਰਚਾਰ ਨੇ ਸਿੱਖਾਂ ਨੂੰ ਗੁਰਬਾਣੀ ਪਾਠ ਦਾ ਨਵਾਂ ਉਤਸਾਹ ਦਿੱਤਾ। ਭੋਗ ਪਾ ਕੇ ਆਮਦਨੀ ਖਾਣ ਵਾਲਿਆਂ ਨੂੰ ਬੜਾ ਘਾਟਾ ਪਿਆ ਲੋਕੀਂ ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ, ਅਖੰਡ ਪਾਠ ਕਰ ਕਰਕੇ ਭੋਗ ਪਾਉਣ ਲੱਗ ਪਏ। ਹਰੇਕ ਅਮ੍ਰਿਤਧਾਰੀ ਨੂੰ ਗੁਰਮੁਖੀ ਸਿੱਖ ਕੇ ਪਾਠਾਂ ਦਾ ਅਭਿਆਸ ਅਤੇ ਭੋਗ ਪਾਣੇ ਲਾਜ਼ਮੀ ਕਰ ਦਿੱਤੇ ਗਏ ਸਵੇਰੇ ਸ਼ਾਮ ਦੇ ਗੁਰਬਾਣੀ ਦੇ ਨਿਤ ਨੇਮ ਤੇ ਕੀਰਤਨ ਨੇ ਭਾਈਆਂ ਪੁਜਾਰੀਆਂ ਤੇ ਰਾਗੀਆਂ ਦੀ ਨੀਂਦਰ ਹਰਾਮ ਕਰ ਦਿੱਤੀ।

ਦਸਮੇਸ਼ ਦੀ ਖੰਡੇ ਪਹੁਲ ਅਤੇ ਗੁਰੂ ਨਾਨਕ ਦੇ ਚੋਖਰੇ ਜਾਪ ਅਤੇ ਦੇਵਲੋਕ ਤੋਂ ਵੀ ਉੱਚੀ ਸੁਚੀ ਨਾਮਧਾਰੀ ਰਹਿਤ ਮਰਯਾਦਾ ਸੋਧ ਨੇ ਸਿੱਖੀ ਤਾਜ਼ਾ ਕਰ ਦਿੱਤੀ। ਗੁਰੂਆਂ ਦੀ ਘਾਲਨਾ ਭਰੀ ਸ਼ਹੀਦੀਆਂ, ਸਾਹਿਬਜ਼ਾਦਿਆਂ ਦੀ ਸ਼ਹੀਦੀਆਂ ਅਤੇ ਬੰਦਾ ਬਹਾਦੁਰ ਤੋਂ ਲੈ ਕੇ ਹਰੀ ਸਿੰਘ ਨਲਵੇ ਤੱਕ ਦੇ ਸੂਰਬੀਰਾਂ ਦੇ ਇਤਿਹਾਸ ਲੋਕਾਂ ਨੂੰ ਚੇਤੇ ਆਉਣ ਲੱਗ ਪਏ। ਸਿਖਾਂ ਨੂੰ ਚੇਤੇ ਆ ਗਿਆ ਕਿ ਦਸ ਵੀਹ ਸਾਲ ਪਹਿਲਾਂ ਅਸੀਂ ਬਾਦਸ਼ਾਹ ਸਾਂ ਅੱਜ ਗੁਲਾਮ ਹੋ ਗਏ ਹਾਂ।

ਬੇਨਤੀ ਦੇ ਨਾਲ ਇਹ ਸੰਕਲਪ ਰੋਜ਼ ਦੁਹਰਾਇਆ ਜਾਣ ਲੱਗਿਆ-

ਯਹੀ ਦੇਹ ਆਗਿਆ ਤੁਰਕ ਗਹਿ ਖਪਾਊਂ॥
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥
ਛੱਤ੍ਰ ਤਖਤ ਮੁਗਲਨ ਕਰਹੁੰ ਮਾਰ ਦੂਰੇ,
ਘੁਰਹਿ ਤਬ ਜਗ ਤਮਹਿ ਛਤਹਿ ਧਰਮ ਭੂਰੇ।

....

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ॥,
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥

....

ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸ਼ਾਨੀ॥
ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ॥

ਦਸਮੇਸ਼ ਸਤਿਗੁਰੂ ਜੀ ਦੀ ਸ਼ਕਤੀ ਸਾਧਨਾ ਦੀ ਸਾਰੀ ਬਾਣੀ ਨਾਮਧਾਰੀ ਪੰਥ ਦਾ ਨਿਤਨੇਮ ਬਣ ਗਈ। ਹੱਥਾਂ ਲਈ ਹਥਿਆਰ ਨਹੀਂ ਸਨ ਮਿਲ ਸਕਦੇ ਪਰ ਇਸ ਬਾਣੀ ਦਾ ਪਾਠ ਅਤੇ ਨਾਮ ਸਿਮਰਨ ਨਾਲ ਸੰਤ ਖਾਲਸੇ ਦੀ ਸਾਰਥਕ ਅਵਸਥਾ ਹੋ ਗਈ-ਪੂਰਨ ਜੋਤ ਜਗੈ ਘਟਮੈ, ਤਬ ਖਾਲਸ ਤਾਹਿ ਨਖਾਲਸ ਜਾਨੈ-ਗੌ ਹਤਿਆ ਦਾ ਸੰਤਾਪ-ਗੌ ਗਰੀਬ-ਉਤੇ ਚਲ ਰਹੀ ਫਿਰੰਗੀ ਜ਼ੁਲਮ ਦੀ ਛੁਰੀ ਸੀ। ਹਰਿਮੰਦਰ ਸਾਹਿਬ ਦੇ ਨੇੜੇ ਹੀ ਖੁੱਲੇ ਬੁਚੜਖਾਨੇ ਨੇ ਸਿੱਖਾਂ ਦੇ ਕਿਸੇ ਹੋਰ ਤਬਕੇ ਨੂੰ ਨਹੀਂ ਸੀ ਹਲੂਣਿਆ। ਕਿਉਂਕਿ ਸਭ ਜਿਉਂਦੇ ਹੀ ਮੁਰ ਗਏ ਸਨ। ਸੰਤ ਖਾਲਸਾ ਦੀ ਨਿਰਮਲ ਆਤਮਾ ਹਰਿਮੰਦਿਰ ਸਾਹਿਬ ਦਾ ਇਹ ਅਨਾਦਰ ਬਰਦਾਸ਼ਤ ਨਾ ਕਰ ਸਕੀ। ਸੂਰਮਿਆਂ ਨੇ ਬੁਚੜਾਂ ਨੂੰ ਮਾਰਨ ਦਾ ਕਾਰਾ ਕੀਤਾ। ਪੁਲਿਸ ਤਸ਼ਦਦ ਨਾਲ ਬੇਦੋਸ਼ੇ ਨਿਹੰਗ ਤੇ ਹੋਰ ਲੋਕ ਇਕਬਾਲੀਆਂ ਜੁਰਮ ਵੀ ਹੋ ਗਏ। ਸੱਚ ਅਤੇ ਸੁੱਚ ਦੇ ਪਹਿਰੇਦਾਰ ਕੂਕਿਆਂ ਨੇ ਅੰਗਰੇਜ਼ ਨਿਆਂਸ਼ੀਲ ਆਡੰਬਰ ਨੂੰ ਨੰਗਿਆ ਕਰ ਦਿੱਤਾ। ਬੇਦੋਸ਼ਿਆਂ ਨੂੰ ਛੁੜਵਾ ਕੇ ਹਸਦੇ ਹਸਦੇ ਫਾਂਸੀ ਦੀ ਸਿਲਕਾਂ ਚੁੰਮ ਲਈਆਂ। ਇਹ ਉਹੋ ਕੂਕੇ ਸਨ ਜਿਹੜੇ ਸ਼ਰੇਆਮ ਗਾਉਂਦੇ ਸਨ-ਭਜੇ ਜਾਣ ਫਿਰੰਗੀ ਵਜਣ ਘੁੰਗਰੂ।

"ਪਿੰਜਰੇ ਕੇ ਪੰਛੀ ਰੇ ਤੇਰਾ ਦਰਦ ਨਾ ਜਾਨੇ ਕੋਇ"-ਪਰ ਇਨ੍ਹਾਂ ਪਿੰਜਰਿਆਂ ਦੇ ਪੰਛੀਆਂ ਨੂੰ ਮੁੜ ਅੰਮ੍ਰਿਤ ਮਿਲ ਗਿਆ ਸੀ ਜਿਸਨੇ ਚਿੜੀਆਂ ਕੋਲੋਂ ਬਾਜ ਤੁੜਾ ਦਿੱਤੇ ਸਨ। ਸਵਾ ਲੱਖ ਨਾਲ ਇਕ ਲੜਾ ਦਿੱਤਾ ਸੀ, ਤਿੰਨ ਸੌ ਸਾਲ ਦੀ ਮੁਗਲੀਆ ਹਕੂਮਤ ਨੂੰ ਤਾਰ ਤਾਰ ਕਰਕੇ ਫੂਕ ਦਿੱਤਾ ਸੀ। ਸ਼ਹੀਦੀ ਖੂਨ ਉਬਾਲੇ ਮਾਰਣ ਲੱਗ ਪਿਆ, ਧਰਮ ਦੀ ਪਹਿਚਾਨ ਦੇ ਨਾਲ ਸਵਾਭਿਮਾਨ ਜਾਗਿਆ ਅਤੇ ਧਰਮ ਦੀ ਰਖਿਆ ਦਾ ਸ਼ੌਕ ਜਾਗਿਆ। ਦੀਨ ਦੁਖੀ ਅਤੇ ਗੌ ਗਰੀਬ ਦੇ ਰਾਖੇ ਸਿੱਖ ਚੰਡੀ ਦੀਆਂ ਵਾਰ, ਚੰਡੀ ਚਰਿਤ੍ਰ, ਉਗ੍ਰਦੰਤੀ ਅਤੇ ਦਸਮੇਸ਼ ਸਤਿਗੁਰੂ ਦੀ ਹੋਰ ਬਾਣੀਆਂ ਪੜ੍ਹ ਕੇ ਆਪਨੇ ਆਪ ਵਿਚ ਦੇਵ ਸ਼ਕਤੀ ਦਾ ਪ੍ਰਵੇਸ਼ ਸਮਝ ਕੇ ਦੈਂਤ ਬ੍ਰਿਤੀ ਫਿਰੰਗੀ ਮਲੇਛਾਂ ਦੇ ਰਾਜ ਦਾ ਨਾਸ ਕਰਣ ਲਈ ਉਤਾਵਲੇ ਹੋਣ ਲੱਗੇ।

ਸੇਵਾ, ਸਿਮਰਨ ਸਿਦਕ ਦੇ ਨਾਲ ਕੀਰਤਨ ਕਰਦੇ ਮਸਤਾਨੇ ਪੜ੍ਹਦੇ-

"ਜਨਨੀ ਜਣੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ
ਨਹੀਂ ਤੋ ਜਨਨੀ ਬਾਂਝ ਰਹੇ ਕਾਹੇ ਗਵਾਏ ਨੂਰ"

....

"ਸੂਰਾ ਸੋਈ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੇ ਕਬਹੂੰ ਨਾ ਛਾਡੇ ਖੇਤ"

ਸੰਤ ਖਾਲਸਾ ਨਿਰਭਉ ਤੇ ਨਿਰਵੈਰ ਹੋ ਗਿਆ। ਮੜੀਆਂ, ਗੋਰਾਂ, ਸਮਾਧੀਆਂ ਨੂੰ ਢਾਅ ਢਾਅ ਕੇ ਹਿੰਦੂ ਮੁਸਲਿਮ ਧਰਮ ਦੇ ਠੇਕੇਦਾਰਾਂ ਨੂੰ ਵੈਰੀ ਬਣਾ ਲਿਆ। ਸਿੱਖ ਧਰਮ ਦੇ ਠੇਕੇਦਾਰ ਸ਼ੁਰੂ ਤੋਂ ਹੀ ਵੈਰੀ ਬਣੇ ਹੋਏ ਸਨ। ਸਰਕਾਰ ਦੀ ਮਸ਼ੀਨਰੀ ਨੇ ਜਾਸੂਸੀ ਜਾਲ ਪਾਇਆ ਹੋਇਆ ਸੀ ਉਹ ਹਰੇਕ ਗੱਲੋਂ ਚੋਕੰਨੀ ਸੀ। ਕੋਈ ਹੱਥ ਪਾਣ ਤੋਂ ਪਹਿਲਾਂ ਪੈਰ ਪੱਕੇ ਕਰਣਾ ਚਾਹੁੰਦੀ ਸੀ

ਸਬੂਤ ਪੁਖਤਾ ਕਰਨਾ ਚਾਹੁੰਦਾ ਸੀ। ਜਾਸੂਸੀ ਰਿਪੋਰਟਾਂ ਵਿਰੋਧੀ ਸੰਕੇਤ ਦੇ ਰਹੀਆਂ ਸਨ। ਕਈਆਂ ਲਈ ਇਹ ਨਿਰੋਲ ਧਾਰਮਿਕ ਪੰਥ ਸੀ ਅਤੇ ਕਈਆਂ ਲਈ ਨਿਰੋਲ ਬਗਾਵਤ ਦਾ ਆਗਾਜ- ਫਿਰੰਗੀ ਸਲਤਨਤ ਨੂੰ ਸਮਝਾਣ ਲਈ ਧਰਮ ਦੇ ਠੇਕੇਦਾਰਾਂ ਵੱਡਾ ਰੋਲ ਨਿਭਾਇਆ।

੧੯੫੭ ਦੀ ਇਸ ਜੋਤਿ ਨੇ ਕਾਵਾਂ ਨੂੰ ਹੰਸ ਬਣਾ ਦਿੱਤਾ ਅਤੇ ਸੁੱਤਿਆਂ ਬਾਜ਼ਾਂ ਨੂੰ ਜਗਾ ਦਿੱਤਾ। ਇਹ ਬਾਜ਼ ਵੀ ਨਾਮ ਦੀ ਨਿਰਮਲਤਾ ਨਾਲ ਹੰਸਾਂ ਦਾ ਬਾਣਾ ਪਾ ਗਏ ਪਰ ਦਸਮੇਸ਼ ਦਾ ਦੱਸਿਆ ਗੋ ਗਰੀਬ ਦੀ ਰਖਿਆ ਦਾ ਪ੍ਰਣ ਵੀ ਜਾਗ ਪਿਆ। ਬੁਚੜ ਮਾਰ ਸੁਟੇ ਅਤੇ ਆਪ ਛਾਲਾਂ ਮਾਰ ਮਾਰ ਤੋਪਾਂ ਅਗੇ ਰੂੰ ਵਾਂਗ ਪਿੰਜੇ ਗਏ ਫਾਂਸੀਆਂ ਨੂੰ ਚੁੰਮ ਗਏ। ਇਕ ਮਸਤਾਨੇ ਨੇ ਇਕ ਸੰਤ ਸਿਪਾਹੀ ਨੇ ਸਾਰੇ ਪੰਜਾਬ ਨੂੰ ਮਸਤਾਨਾ ਕਰ ਦਿੱਤਾ। ਓਹ ਆਪ ਸੱਚਾ ਪਾਤਿਸ਼ਾਹ ਸੀ। ਜੀਣਾ ਆਣ ਦਾ ਮਰਨਾ ਸ਼ਾਨ ਦਾ ਮਸਤਾਨਿਆਂ ਦੀ ਬਾਜ ਸ਼ਹੀਦੀਆਂ ਦੇ ਉਛਾਲੇ ਸੱਚੇ ਪਾਤਿਸ਼ਾਹ ਲਈ ਜਲਾਵਤਨੀ ਦਾ ਕਾਰਣ ਬਣ ਗਏ। ਇਕ ਸਾਧਾਰਣ ਕਿਰਤੀ, ਸਿਪਾਹੀ-ਮਿਸਤ੍ਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦਾ ਸਾਂਝਾ ਅਵਤਾਰ ਬਣ ਗਿਆ ਸੀ। ਫਿਰੰਗੀ ਇਸ ਕੌਤਕ ਨੂੰ ਕਦੀ ਨਾ ਸਮਝ ਸਕੇ ਪਰ ਹਕੂਮਤ ਦੀ ਤਾਕਤ ਵਰਤੋਂ ਵਿਚ ਕੋਈ ਕੁਤਾਹੀ ਵੀ ਨਹੀਂ ਕੀਤੀ। ਸਾਰੇ ਕਾਨੂੰਨ ਉਨ੍ਹਾਂ ਦੀ ਆਪਣੀ ਹਕੂਮਤ ਦੀ ਰਖਿਆ ਲਈ ਸਨ। ੧੯੭੨ ਵਿਚ ਇਸ ਸਤਿਗੁਰੂ ਪਾਤਸ਼ਾਹ ਨੂੰ ਵੀ ਰੰਗੂਨ ਦਾ ਉਹੀ ਬੰਗਲਾ ਮਿਲਿਆ ਜਿਥੇ ਦਿੱਲੀ ਦਾ ਬਾਦਸ਼ਾਹ ਫਕੀਰੀ ਵਿਚ ਮਰ ਮੁਕਿਆ ਸੀ। ਹੁਣ ਦਰਵੇਸ਼ ਪਾਤਸ਼ਾਹ ਜੋ ਸਦਾ ਹੀ ਸਦ-ਚਿਤ-ਆਨੰਦ ਰਹਿੰਦਾ ਸੀ ਆਪਣੇ ਨਿਜੀ ਸੇਵਕ ਨਾਲ ਉਸ ਬੰਗਲੇ ਵਿਚ ਰਹਿੰਦਾ। ਸਭ ਨੂੰ ਉਸ ਨੂਰਾਨੀ ਦਰਸ਼ਨ ਦਾ ਕਿੰਨਾ ਕੁ ਸੁਖ ਉਹ ਜਾਣਨ। ਸਚਾ ਪਾਤਸ਼ਾਹ ਪਰਦੇਸੀ ਪ੍ਰੀਤਮ ਸੀ ਕਿਉਂ! ਇਹ ਪ੍ਰਦੇਸ ਉਸ ਆਪ ਹੀ ਤਾਂ ਮੰਗਿਆ ਸੀ- "ਹੇ ਅਕਾਲ ਪੁਰਖ ਜੇ ਮੇਰੇ ਆਉਣ ਨਾਲ ਵੀ ਗਊ ਗਰੀਬ ਦੇ ਗਲੇ ਤੋਂ ਛੁਰੀ ਨਹੀਂ ਹਟਣੀ ਤਾਂ ਮੈਨੂੰ ਉਥੇ ਭੇਜ ਜਿਥੇ ਕੋਈ ਨਾ ਜਾਣੇ।" ਐਸਾ ਕਿਉਂ ਕੀਤਾ? ਦਸ਼ਮੇਸ਼ ਪਿਤਾ ਨੇ ਫੁਰਮਾਇਆ ਸੀ- "ਕਲਜੁਗ ਮੈਂ ਸਤਿਜੁਗ ਵਰਤਾਊਂ ਤਬੀ ਬਾਰਹਵਾਂ ਬਪ ਕਹਿਲਾਊਂ"-ਜੇਕਰ ਸਤਿਜੁਗ ਦੀ ਵਾਰੀ ਦੂਰ ਸੀ ਤਾਂ ਕ੍ਰਾਂਤੀਕਾਰੀ ਸਤਿਗੁਰ ਨੇ ਆਪਣੇ ਲਈ ਪਰਦੇਸ ਮੰਗ ਲਿਆ, ਦਿਆਲੂ ਸਤਿਗੁਰੂ ਨੇ ਆਪ ਹੀ ਤਾਂ ਫੁਰਮਾ ਦਿੱਤਾ ਸੀ- "ਬਾਕੀ ਨਹੀਂ ਰਹਿਣ ਦੇਣੀ, ਦਿਨ ਉਤੇ ਦਿਆਂਗੇ। ਪਹਿਲਾਂ ਖਾਲਸੇ ਸਮੇਂ ਜਲਦੀ ਹੋ ਗਈ ਸੀ ਔਰੰਗੇ ਨੇ ਇਤਰਾਜ਼ ਕੀਤਾ ਸੀ।" ਤ੍ਰਿਜਟਾ ਦੇ ਪੁਤਰਾਂ ਨੂੰ ਬਾਨਰਾਂ ਦੇ ਮੂੰਹ ਮਿਲੇ ਸਨ ਅਤੇ ਰਾਮ ਦੀ ਧਰਤੀ ਦਾ ਰਾਜ। ਰਾਵਣ ਦੇ ਸਿਪਾਹੀ ਰਾਮ ਹਥੋਂ ਮਰ ਕੇ ਸਿੰਘ ਬਣ ਕੇ ਜੰਮੇ ਸਨ। ਅਤੇ ਰਾਮ ਨੂੰ ਰਾਵਣ ਦੀ ਫੌਜਾਂ ਨੇ ਹੀ ਬਨਵਾਸ ਭੇਜਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਬੰਗਲੇ ਦੀ ਕੰਧਾਂ ਵਿਚੋਂ ਜਫ਼ਰ ਦੀ ਰੂਹ ਕੂਕਦੀ ਨਜ਼ਰ ਆਉਂਦੀ।

ਲਗਤਾ ਨਹੀਂ ਹੈ ਦਿਲ ਮੇਰਾ ਉਜੜੇ ਦਿਆਰ ਮੇਂ
ਇਨ ਹਸਰਤੋਂ ਸੇ ਕਹਿ ਦੋ ਕਹੀਂ ਔਰ ਜਾ ਬਸੇਂ

ਬਹਾਦੁਰ ਸ਼ਾਹ ਜ਼ਫ਼ਰ ਬਾਬਰ ਦੇ ਖਾਨਦਾਨ ਦਾ ਅਖੀਰਲਾ ਦੀਵਾ। ਸ਼ਹਿਨਸ਼ਾਹੇ ਆਲਮ ਬਹਾਦੁਰ ਸ਼ਾਹ ਜ਼ਫ਼ਰ ਜਿਹੜਾ ਲਾਲ ਕਿਲੇ ਵਿਚ ਰਹਿ ਰਿਹਾ ਸੀ ਉਸਦਾ ਹੁਕਮ ਪੂਰੇ ਲਾਲ ਕਿਲੇ ਵਿਚ ਵੀ ਨਹੀਂ ਸੀ ਚਲ ਰਿਹਾ। ਫਿਰੰਗੀ ਦੀ ਹਕੂਮਤ ੧੦ ਸਾਲ ਪਹਿਲਾਂ ਪੰਜਾਬ ਨੂੰ ਵੀ ਚੱਬ ਗਈ ਸੀ, ਡਲਹੌਜ਼ੀ ਦੇ ਕਾਰਨਾਮਿਆਂ ਨੇ ਮਜਬੂਰ ਕੀਤਾ ਤਾਂ ਰਾਜਿਆਂ ਤੇ ਰਾਣੀਆਂ ਨੇ ਰੋਟੀ ਅਤੇ ਕਮਲ ਦਾ ਪ੍ਰੇਮ ਸੁਣੇਹਾ ਬੰਗਾਲ ਤੋਂ ਪੰਜਾਬ ਤਕ ਫੇਰ ਦਿੱਤਾ। ਗ਼ਦਰ ਦੀ ਅੱਗ ਮੰਗਲ ਪਾਂਡੇ ਨੇ ਮਾਰਚ 'ਚ ਲੱਗਾ ਦਿੱਤੀ। ਗਰੀਬਾਂ ਸਿਪਾਹੀਆਂ ਨੂੰ ਗਊ ਸੂਰ ਦੀ ਚਰਬੀ ਵਾਲੇ ਕਾਰਤੂਸ ਮਿਲੇ ਸਨ। ਮਈ ੧੯੫੭ ਵਿਚ ਗ਼ਦਰ ਦੀ ਇਹ ਅੱਗ ਗੰਗਾ ਜਮੁਨਾ ਦੀ ਧਰਤੀ ਤੇ ਫੈਲ ਗਈ। ਕਿਤੇ ਕਿਤੇ ਰਾਵੀ, ਬਿਆਸ, ਚਨਾਬ ਦਾ ਪਾਣੀ ਵੀ ਉਬਾਲੇ ਮਾਰ ਗਿਆ। ਸਿੰਧ ਅਤੇ ਸਤਲੁਜ ਦੇ ਪਾਣੀਆਂ ਨੇ ਬੁੱਜ ਸੜ ਰਹੇ ਫਿਰੰਗੀ ਨੂੰ ਨਵਾਂ ਜੀਵਨ ਦਿੱਤਾ। ਚੰਦ ਰੋਜ਼ ਦਾ ਬਾਦਸ਼ਾਹ ਬਹਾਦੁਰ ਸ਼ਾਹ ਜ਼ਫ਼ਰ ਕੈਦੀ ਬਣਾ ਕੇ ਰੰਗੂਨ ਭੇਜ ਦਿੱਤਾ ਗਿਆ। ਰੰਗੂਨ ਦੇ ਇਸ ਸਰਕਾਰੀ ਬੰਗਲੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਭਾਰਤ ਵਿਚ ਉਸਦੇ ਖ਼ੈਰ ਖ਼ਾਹ ਕੋਈ ਨਹੀਂ ਸਨ। ਕਿਸੇ ਨੇ ਜਲਾਵਤਨ ਬਾਦਸ਼ਾਹ ਦੀ ਖ਼ੈਰ ਨ ਪੁੱਛੀ ਨ ਕਿਸੇ ਕੋਲ ਫੁਰਸਤ ਸੀ। ਸ਼ਾਇਰੀ ਦੇ ਸ਼ੌਕੀਨ ਦੀ ਬਿਰਹਾ ਗ਼ਜ਼ਲਾਂ ਬਣ ਕੇ ਉਸਦੀ ਲੜਖੜਾਂਦੀ ਜ਼ੁਬਾਨ ਅਤੇ ਡਬਡਬਾਂਦੀ ਅੱਖਾਂ ਦੀ ਨਦੀਆਂ ਵਿਚੋਂ ਵਗਦੀਆਂ ਰਹਿੰਦੀਆਂ। ਬੇਦਰਦ ਜ਼ੇਮਾਨਾ ਕੀ ਜਾਣੇ ਇਕ ਹਾਲਾਤ ਦੇ ਫਕੀਰ ਬਣੇ ਕੈਦੀ ਬਾਦਸ਼ਾਹ ਦੀ ਦਿਲ ਦੀ ਪੀੜਾਂ ਨੂੰ। ਜਦੋਂ ਧਰਮਾਂ ਦੇ ਜੰਗਲਾਂ ਵਿਚ ਉਸਦੀ ਪੀੜਾਂ ਕੂੰਜਾਂ ਵਾਂਗ ਕੁਰਲਾਉਂਦੀਆਂ-

...ਕਿਤਨਾ ਹੈ ਬਦਨਸੀਬ ਜ਼ਫ਼ਰ ਦਫਨ ਕੇ ਲੀਏ।
ਦੋ ਗਜ਼ ਜ਼ਮੀਨ ਭੀ ਨਾ ਮਿਲੀ ਕੂਏ ਯਾਰ ਮੇਂ॥

ਬਰਮਾ ਦੇ ਜੰਗਲਾਂ ਵਿਚ ਵਗਦੀ ਪਵਨ ਵੀ ਸਿਸਕਰੀਆਂ ਭਰ ਲੈਂਦੀ, ਪਰ ਦੂਰ ਹਿੰਦੁਸਤਾਨ ਵਿਚ ਕਿਸੇ ਦਿਲ ਨੂੰ ਝਰੀਟ ਵੀ ਨਾ ਪੈਂਦੀ। ਜ਼ਫ਼ਰ ਭੁਲਾ ਦਿੱਤਾ ਗਿਆ ਸੀ, ਯਾਦ ਕਰਨ ਦਾ ਹੌਸਲਾ ਵੀ ਕੋਈ ਨਹੀਂ ਸੀ ਕਰ ਸਕਦਾ।

ਰੰਗੂਨ ਦੇ ਬੰਗਲੇ ਵਿਚ ਸਵੇਰੇ ਆਸਾ ਦੀ ਵਾਰ ਤੇ ਫੇਰ ਭੈਰਉ ਦੇ ਆਲਾਪ ਨਾਲ ਕੀਰਤਨ ਹੁੰਦਾ। ਗੜਵੇ ਦੇ ਕੂੰਡੇ ਨਾਲ ਸੁਰ ਤਾਲ ਮੇਲਿਆ ਜਾਂਦਾ। ਸ਼ਾਮ ਨੂੰ ਸੋਦਰ ਰਹਿਰਾਸ ਕੀਰਤਨ ਸੋਹਿਲਾ। ਸਾਰਾ ਦਿਨ ਚੌਕੜੇ ਲਗੇ ਰਹਿੰਦੇ ਹਨ। ਭਾਣੇ ਦਾ ਮਾਲਕ ਭਾਣਾ ਮਨਾ ਰਿਹਾ ਹੈ। ਰਾਮ ਰੰਗੂਨ ਵਿਚ ਹੈ ਲਕਸ਼ਮਣ ਭੈਣੀ ਸਾਹਿਬ। ਇਕ ਸੇਵਕ ਨਾਨੂੰ ਸਿੰਘ!! ਢਾਈ ਸਾਲ ਬੀਤ ਗਏ ਰਾਮ ਦੀ ਗਊਆਂ ਨੂੰ ਰਾਮ ਦਾ ਪਤਾ ਨਾ ਲਗਿਆ ਕਿਹੜੇ ਦੇਸ਼ ਗਿਆ। ਗੁਰੂ ਦੇ ਦਰਬਾਰੀ ਦਰਬਾਰਾ ਸਿੰਘ ਦੇ ਭਾਗ ਖੁਲੇ ਪਤਾ ਲਗਿਆ ਤੇ ਚਲ ਪਿਆ ਅਣ-ਪਛਾਤੇ ਰਾਹਾਂ ਤੇ

ਸਮੁੰਦ ਸਾਗਰੁ ਹੋਵੈ ਬਹੁਖਾਰਾ
ਗੁਰ ਸਿਖੁ ਲੰਘਿ ਗੁਰੂ ਪਹਿ ਜਾਈ ॥

ਸਤਿਗੁਰੂ ਰਾਮਦਾਸ ਸਤਿਗੁਰੂ ਰਾਮ ਸਿੰਘ ਬਣ ਕੇ ਇਨ੍ਹਾਂ ਤੁਕਾਂ ਦੇ ਅਰਥ ਸਪਸ਼ਟ ਕਰ ਰਹੇ ਸਨ। ਕੀ ਇਹ ਬਾਣੀ ਭਵਿੱਖ ਵਾਕ ਸੀ ? ਸਤਿਗੁਰੂ ਸੰਗਤਾਂ ਨੂੰ ਅਰਦਾਸ ਲਿਖਦੇ ਹਨ—ਹੋਰ ਤਾਂ ਬਹੁਤ ਸੁਖ ਹੈ ਨਾਮ ਬੰਦਗੀ ਵੀ ਬਹੁਤ ਹੁੰਦਾ ਪਰ ਇਕ ਸੰਗਤ ਦੇ ਬਿਛੋੜੇ ਦਾ ਦੁੱਖ ਹੈ। ਉਥੋਂ ਵੀ ਨਾਮ ਬਾਣੀ ਅਮ੍ਰਿਤ ਆਪ ਵੰਡਦੇ ਰਹੇ ਕੋਈ ਝੋਰਾ ਨਹੀਂ ਸੀ। ਮਾਲਕ ਨੂੰ ਝੋਰਾ ਕਾਹਦਾ ਜਦੋਂ ਉਸਨੇ ਆਪ ਹੀ ਆਪਣੇ ਆਪ ਨੂੰ ਹੁਕਮ ਵਿਚ ਬੰਨ ਲਿਆ। ਰੰਗੂਨ ਦੀਆਂ ਵਾਦੀਆਂ ਵਿਚ ਕਦੇ ਕਦੇ ਇਹ ਸ਼ਬਦ ਗੂੰਜ ਉਠਣਾ—

"ਮਿੱਤਰ ਪਿਆਰੇ ਨੂੰ ਹਾਲ ਫਕੀਰਾ ਦਾ ਕਹਿਣਾ"

ਪਸ਼ੂ-ਪਕਸ਼ੀ-ਮਨੁੱਖ, ਹਵਾ ਬ੍ਰਿਛ ਸਭ ਦੀ ਜਿਵੇਂ ਗਤੀ ਰੁੱਕ ਜਾਣੀ। ਨੇ ਚੌਕੜੇ ਮਾਰ ਲੈਣੇ। ਫੇਰ ਹੱਲੇ ਦੀ ਆਂਪਨੀ ਮਧੁਰ ਹਿਰਦਾ ਚੀਰਵੀਂ ਅਵਾਜ਼ ਨਾਲ ਗਾ ਉਠਣਾ- " ਮਿੱਤਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ" ਗਾਉਂਦੇ ਗਾਉਂਦੇ ਆਪ ਮਿੱਤਰ ਪਿਆਰੇ ਕੋਲ ਪੁਜ ਜਾਂਦੇ ਪਰ ਭਾਈ ਨਾਨੂੰ ਸਿੰਘ ਸਿਸਕ ਉਠਦਾ ਅਤੇ ਇਕ ਦਿਨ ਚੀਕ ਹੀ ਪਿਆ। ਪਾਤਸ਼ਾਹ ਨੇ ਕਿਹਾ ਨਾਨੂੰ ਸਿੰਘ ਜਾ ਘਰ! ਮੈਂ ਤਾਂ ਬੇਗਮਪੁਰੇ ਦਾ ਵਾਸੀ ਹਾਂ ਮੇਰੀ ਫਿਕਰ ਨਾ ਕਰ। 'ਬੰਗਲਾ' ਇਕ ਦਿਨ ਸੁੰਨਾ ਹੋ ਗਿਆ-ਬੇਗਮਪੁਰੇ ਦਾ ਵਾਸੀ ਵੀ ਸੰਦੇਹ ਉਡ ਗਿਆ ਸੀ।"

(ਪਾਠਕ ਜਨ ਖਿਮਾਂ ਕਰਨਾ ਸਤਿਗੁਰੂ ਜੀ ਰੰਗੂਨ ਨਹੀਂ ਮਰਗੋਈ ਤੋਂ ਅਲੋਪ ਹੋਏ ਸਨ। ਪਰ ਜਿਥੇ ਮੇਰਾ ਸਤਿਗੁਰ ਬੈਠੇ ਉਹ ਥਾਨ ਸੁਹਾਵਾ-ਉਹੀ ਬੰਗਲਾ ਸਾਹਿਬ ?)

ਵਰਿਆਮ ਨੂੰ ਸਹਾਇਤਾ

— ਸੰਤ ਗਿਆਨ ਸਿੰਘ ਜੰਡਿਆਲੀ ਨਮਿਤ ਅੰਤਮ ਅਰਦਾਸ (੨੬-੧੧-੨੦੦੭) ਸਮੇਂ ਪਰਿਵਾਰ ਨਿਰਮਲ ਸਿੰਘ, ਪਰਮਜੀਤ ਸਿੰਘ, ਜਗਤਾਰ ਸਿੰਘ, ਬਲਬੀਰ ਸਿੰਘ—ਪ੍ਰਾਈਮ ਇੰਡਸਟ੍ਰੀਜ਼ ਫਗਵਾੜਾ ਵੱਲੋਂ	੧੦੦੦-੦੦
— ਸ. ਸ.ਸ. ਮਨਧੀਰ ਦਿੱਲੀ ਵੱਲੋਂ ਆਪਣੇ ਸਪੁੱਤਰ ਸ. ਪਰਮਜੀਤ ਸਿੰਘ ਨਮਿਤ ਭੋਗ (੧੫-੧੧-੨੦੦੭) ਸਮੇਂ	੨੫੦-੦੦
— ਸ. ਹਰਮਿੰਦਰ ਸਿੰਘ ਚਾਨਾ ਹੈਰੋ ਮਿਡੈਕਸ, ਯੂ.ਕੇ. ਵੱਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ	੭੯੪-੦੦
— ਗੁਪਤ ਸਹਿਯੋਗ ਇੰਗਲੈਂਡ ਤੋਂ	੭੯੪-੦੦
— ਸ. ਮਹਿੰਦਰ ਸਿੰਘ ਬਾਲੀ ਨਗਰ ਦਿੱਲੀ ਵੱਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ	੧੦੦੦-੦੦
— ਪਰਿਵਾਰ ਗੁਰਪੁਰਵਾਸੀ ਸੰਤ ਸੁਦਾਗਰ ਸਿੰਘ ਜੀ ਬਸਤੀ ਬੂਰੇ ਖਾਂ ਜਲੰਧਰ ਨਮਿਤ ਬਰਸੀ ਸਮਾਗਮ ਸਮੇਂ	੧੦੦-੦੦
— ਸਵਰਗੀ ਸੁਰਿੰਦਰ ਬੀਰ ਸਿੰਘ ਜਲੰਧਰ ਨਮਿਤ ਪਾਠ ਦੇ ਭੋਗ ਸਮੇਂ ਸ. ਹਰਭਜਨ ਸਿੰਘ ਸ੍ਰੀਮਾਨ ਗੋਲਡੀ ਸਾਹਿਬ ਕੁਰਾਲੀ ਵੱਲੋਂ	੧੦੦੦-੦੦
— ਕਾਕਾ ਗਗਨਪ੍ਰੀਤ ਸਿੰਘ ਸਪੁੱਤਰ ਸ. ਗੁਰਿੰਦਰਪਾਲ ਸਿੰਘ ਪੋਤਰਾ ਸਵ. ਸ: ਹਰਜੀਤ ਸਿੰਘ ਮਾਤਾ ਅਰਜਨ ਕੌਰ ਦੀ ਦਸਤਾਰਬੰਦੀ ਸੰਬੰਧੀ ਕੀਰਤਨ ਸਮਾਗਮ (੨੫-੧੨-੦੭) ਸਮੇਂ	੨੦੦-੦੦

ਚੋਣਵੇਂ ਪੰਜਾਬੀ ਸ਼ਿਅਰ



ਕੁਲਤਾਰ ਸਿੰਘ 'ਕੁਲਤਾਰ'

ਸੱਚ ਦਾ ਬੀਅ ਹਾਂ ਜੇਕਰ ਮੈਨੂੰ ਮਿੱਟੀ ਵਿਚ ਮਿਲਾਇਆ ਤਾਂ,
ਰੁੱਤ ਮੌਲਣ ਤੇ ਮੈਨੂੰ ਬਿਖ ਦੀ ਹਰ ਡਾਲੀ ਤੇ ਪਾਓਗੇ।

ਛਾਤੀ ਨਾਲ ਲਗਾਇਆ ਵੀ ਜੇ ਦਿਲ ਦੀ ਵੇਦਨ ਸਮਝੀ ਨਾ,
ਕਹਿ ਨਹੀਂ ਸਕਦਾ ਉਸ ਮਮਤਾ ਦਾ ਕਿੰਨਾ ਸਾਥ ਨਿਭਾਓਗੇ।

ਚੁੱਗ ਲਉ ਡੁੱਲੇ ਬੇਰ ਅਜੇ ਵੀ ਸੰਭਲਣ ਦਾ ਕੁਝ ਮੌਕਾ ਹੈ,
ਚਿੜੀਆਂ ਨੇ ਜਦ ਖੇਤ ਚੁੱਗ ਲਏ ਫਿਰ ਤੱਕਦੇ ਰਹਿ ਜਾਓਗੇ।

ਮੈਂ ਤਾਂ ਆਪਣੇ ਦਿਲ ਦੀ ਇਕ-ਇਕ ਕਾਤਰ ਮੁੜਕੇ ਸੀਅ ਲੈਣੀ,
ਤੁਹਾਡਾ ਗ਼ਮ ਹੈ ਕਿ ਯਾਰੀ ਤੋਂ ਵਿਰਵੇ ਹੀ ਰਹਿ ਜਾਓਗੇ।

ਜਿਉਂਦਿਆਂ ਜੀਅ ਜੇ ਮੇਰੀ ਕੁੱਲੀ ਖੁਸ਼ਬੂਆਂ ਮਹਿਕਾਈ ਨਾ,
ਕੀ ਫਾਇਦਾ ਫਿਰ ਮੇਰੀ ਅਰਥੀ ਫੁੱਲਾਂ ਨਾਲ ਸਜਾਓਗੇ।

ਫਕੀਰ ਚੰਦ ਤੁਲੀ

- ਜੀਣ ਦੇ ਮੈਨੂੰ ਖੁਦਾ ਦੇ ਵਾਸਤੇ।
  ਰਹਿਣ ਦੇ ਖੁਸ਼ਬੂ ਹਵਾ ਦੇ ਵਾਸਤੇ।
- ਬਾਗੋ ਵਿਚੋਂ ਫੁੱਲ ਤੋੜ ਕੇ ਮੌਸਮ ਨੂੰ ਗ਼ਮਗੀਨ ਨਾ ਕਰ।
  ਬੇਕਦਰਾਂ ਦੇ ਗਲ ਵਿਚ ਪਾਕੇ ਫੁੱਲਾਂ ਦੀ ਤੌਹੀਨ ਨਾ ਕਰ।
- ਸਾਨੂੰ ਚਿੱਠੀ ਵਿਚ ਸੱਜਰਾ ਗੁਲਾਬ ਆ ਗਿਆ।
  ਸਾਨੂੰ ਸਾਡਿਆਂ ਸਵਾਲਾਂ ਦਾ ਜੁਆਬ ਆ ਗਿਆ।
- ਸਿਰ ਤੋਂ ਘੱਟ ਕੁਝ ਵੀ ਨਹੀਂ ਤੇ ਸਿਰ ਤੋਂ ਵੱਧ ਕੁਝ ਵੀ ਨਹੀਂ,
  ਇਸ ਤੋਂ ਵੱਧ ਕੇ ਉਸ ਨਗਰ ਦਾ ਦਾਖਲਾ ਕੋਈ ਨਹੀਂ।
- ਆ ਵਿਖਾਵਾਂ ਅੱਖਰਾਂ ਸਿਰ ਕਲਗੀਆਂ,
  ਕਲਗੀਆਂ ਵਾਲੇ ਦਾ ਇਹ ਅਹਿਸਾਨ ਹੈ।

ਹਰਜਿੰਦਰ ਸਿੰਘ ਕੰਗ

ਦੌਰ ਐਸਾ ਹੈ ਦਿਸੇ ਨਾ ਆਦਮੀ ਨੂੰ ਆਦਮੀ,
ਰੁੱਖ ਰੁੱਖਾਂ ਨੂੰ ਨਾ ਦਿਸਦੇ ਧੁੰਦ ਦੇ ਵਿਚ ਜਿਸਤਰਾਂ।

ਡੁੱਟਿਆ ਜਿੰਨਾ ਪਸੀਨਾ ਪੀ ਲਿਆ ਝੱਟ ਜਿਸਮ ਨੇ,
ਪੀ ਲਵੇ ਰੇਤਾ ਪਲਾਂ ਵਿਚ ਇਕ ਛਰਾਟਾ ਜਿਸਤਰਾਂ।

ਜਾਪਦੇ ਇਉਂ 'ਕੰਗ' ਨੂੰ ਸਾਇਆ ਦੁਆਲੇ ਘੁੰਮਦਾ,
ਰੀਚ ਦਿੱਤੇ ਨਾਲ ਹੀ ਕੱਫਣ ਕਿਸੇ ਨੇ ਜਿਸਤਰਾਂ।

- ਵਸਤੂਆਂ ਦੀ ਭੀੜ ਵਿਚ ਖੁਦ ਨੂੰ ਫਸਾ ਕੇ ਆਦਮੀ
  ਬਹਿ ਗਿਆ ਹੈ ਆਪਣੀ ਛਾਂ ਤੱਕ ਗੁਆ ਕੇ ਆਦਮੀ।
- ਅਰਸ਼ ਵਿਚ ਉੱਡੇ ਕਦੇ ਪਾਤਾਲ ਵਿਚ ਧੱਸਦਾ ਰਹੇ,
  ਪੈਰ ਧਰਤੀ ਤੇ ਕਿਵੇਂ ਰੱਖੇ ਟਿਕਾ ਕੇ ਆਦਮੀ।

ਮੰਗਤ ਰਾਮ ਭੋਲੀ

ਆਰੀ ਫੇਰਨ ਤੋਂ ਪਹਿਲਾਂ ਤੂੰ, ਏਨਾ ਸੋਚ ਵਿਚਾਰ ਲਵੀਂ,
ਮਾਲੀ ਨੇ ਇਹ ਬੁੱਢੇ ਰੁੱਖ ਵੀ, ਬੱਚਿਆਂ ਵਾਂਗੂ ਪਾਲੇ ਨੇ।

ਕੀ ਹੋਇਆ ਜੇ ਵਿਹੜੇ ਦੇ ਵਿਚ, ਕੁਝ ਝੱਖੜਾਂ ਦੀ ਦਹਿਸ਼ਤ ਹੈ,
ਸਿਰੜੀ ਲੋਕਾਂ ਨੇ ਫਿਰ ਵੀ ਤਾਂ, ਘਰ ਵਿਚ ਦੀਵੇ ਬਾਲੇ ਨੇ।

ਉਹ ਕਹਿੰਦੇ ਹੁਣ ਇਹ ਸੁੱਕੇ ਰੁੱਖ, ਬੱਸ ਨਿਰਾ ਹੀ ਬਾਲਣ ਹੈ,
ਪਰ ਮੈਂ ਕਹਿੰਦਾ ਇਹ ਸੁੱਕੇ ਰੁੱਖ, ਕੁਝ ਬੰਮੀਆਂ ਕੁਝ ਬਾਲੇ ਨੇ।

ਮਹਿਲਾਂ ਵਿਚੋਂ ਚੱਲ ਕੇ ਸਾਜ਼ਿਸ਼, ਦੇਖੋ ਕਿਥੇ ਪਹੁੰਚ ਗਈ,
ਮੰਦਰ ਦੀ ਨੁੱਕਰ ਵਿਚ ਵਿਕਦੇ, ਨੇਜੇ, ਖੰਜਰ, ਭਾਲੇ ਨੇ।

ਸਭ ਪਾਸੇ ਖੁਸ਼ਬੋਈ ਤੋਂ ਤਾਂ, 'ਭੋਲੀ' ਏਦਾਂ ਜਾਪ ਰਿਹੈ,
ਤੂੰ ਹੱਸਿਆ ਜਾਂ ਬਾਸਮਤੀ ਦੇ ਘਰ ਵਿਚ ਚੌਲ ਉਬਾਲੇ ਨੇ।

ਗੁਰਚਰਨ ਕੌਰ ਕੋਚਰ

ਜਦੋਂ ਵੀ ਅੱਖੀਆਂ ਦੀ ਅੱਖੀਆਂ ਦੇ ਨਾਲ ਗੱਲ ਹੋਈ।
ਮੈਂ ਸਿਰ ਤੋਂ ਪੈਰ ਤੀਕਰ ਸਾਰੀ ਦੀ ਸਾਰੀ ਗ਼ਜ਼ਲ ਹੋਈ।

ਜਦੋਂ ਵੀ ਸਾਹਮਣਾ ਹੋਇਆ ਅਸੀਂ ਦੋਵੇਂ ਬਣੇ ਪੱਥਰ,
ਨਾ ਤੇਰੇ ਤੋਂ ਹੀ ਗੱਲ ਹੋਈ ਨਾ ਮੇਰੇ ਤੋਂ ਹੀ ਗੱਲ ਹੋਈ।

ਤੂੰ ਕਹਿੰਦਾ ਸੈਂ ਮੈਂ ਸੂਰਜ ਹਾਂ ਤੇ ਤੈਨੂੰ ਪਿਆਰ ਕਰਦਾ ਹਾਂ,
ਮੈਂ ਠਰਦੀ ਰਹਿ ਗਈ ਤੈਥੋਂ ਕਿਰਨ ਇਕ ਵੀ ਨਾ ਘੱਲ ਹੋਈ।

ਤੂੰ ਪਿਛਲੇ ਜਨਮ ਵਿਚ ਇਕ ਬਰਫ ਦੀ ਹੀ ਸਿੱਲ ਸੈਂ ਐ 'ਕੋਚਰ',
ਤੂੰ ਸੂਰਜ ਕੋਲ ਆਈ ਤੇ ਪਿਘਲ ਕੇ ਗੰਗਾ ਜਲ ਹੋਈ।

—ਪੇਸ਼ਕਾਰ ਚਰਨ ਸੀਚੇਵਾਲਵੀ
੪੨੮, ਗੁਰੂਨਾਨਕਪੁਰਾ (ਵੈਸਟ)
ਡਾਕ- ਚੌਗਿੱਟੀ, ਜਲੰਧਰ-੧੪੪੦੦੯
ਫੋਨ- ੦੧੮੧-੨੨੩੧੬੫੪

ਹਸਨ ਪੁਰੀ ਦੇ ਦੋ ਗੀਤ

ਕੂਕਾ ਅੰਦੋਲਨ ਦੀ ਡੇਢ ਸ਼ਤਾਬਦੀ ਨੂੰ ਸਮਰਪਿਤ ਗੀਤ

ਦੋਹਾ

ਸਤਿਗੁਰੂ ਨੂੰ ਫੜਨ ਲਈ ਆਏ ਫਰੰਗੀ ਜਦ
ਸਤਿਗੁਰੂ ਨੇ ਉਚਰੇ ਬੋਲ ਸੀ ਇਹੇ ਤਦ।

ਜਾਣ ਲੈ ਫਰੰਗੀਆ
ਇਹ ਗੱਲ ਨਹੀਂ ਚੰਗੀ ਆ
ਨਾਮਧਾਰੀਆਂ ਨੂੰ ਐਸਾ ਵਰ ਦਿਆਂ ਗਾ
ਮੈਂ ਘਰ ਘਰ ਰਾਮ ਸਿੰਘ ਕਰਦਿਆਂ ਗਾ

ਮੰਨਿਆ ਕਿ ਤੇਰੇ ਕੋਲ ਤਿੱਖੀ ਤਲਵਾਰ ਏ
ਮੇਰੇ ਸੀਨੇ ਵਿਚ ਮੇਰੇ ਦੇਸ਼ ਦਾ ਪਿਆਰ ਏ
ਤੇਰਾ ਜੋ ਗ਼ਰੂਰ ਏ
ਹੋਣਾ ਚੂਰ ਚੂਰ ਏ
ਕੱਢ ਮੌਤ ਵਾਲਾ ਦਿਲਾਂ ਵਿਚੋਂ ਡਰ ਦਿਆਂ ਗਾ
ਮੈਂ ਘਰ ਘਰ ਰਾਮ ਸਿੰਘ ਕਰ ਦਿਆਂ ਗਾ

ਗਊ ਤੇ ਗ਼ਰੀਬ ਲਈ ਹੋਣੇ ਕੁਰਬਾਨ ਇਹ
ਮਾਰਨਗੇ ਬਿਨਾ ਹਥਿਆਰਾਂ ਤੋਂ ਮਦਾਨ ਇਹ
ਜਿੰਦਾਂ ਲੇਖੇ ਲਾਉਣ ਗੇ
ਉੱਡ ਉੱਡ ਆਉਣ ਗੇ
ਇਹੋ ਜਿਹੇ ਇਹਨਾ ਨੂੰ ਮੈਂ ਪਰ ਦਿਆਂ ਗਾ
ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ

ਦਾਗ਼ ਇਹ ਗੁਲਾਮੀ ਵਾਲੇ ਲਹੂ ਨਾਲ ਧੋਣ ਗੇ
ਤੋਪਾਂ ਅੱਗੇ ਕੂਕੇ ਹੱਸ ਹੱਸ ਕੇ ਖਲੋਣ ਗੇ
ਮਾਲਾ ਫੇਰ ਨਾਮ ਦੀ
ਸ਼ਹੀਦੀ ਵਾਲੇ ਜਾਮ ਦੀ
ਸ਼ਕਤੀ ਮੈਂ ਇਹਨਾ ਵਿੱਚ ਭਰ ਦਿਆਂ ਗਾ
ਮੈਂ ਘਰ ਘਰ ਰਾਮ ਸਿੰਘ ਕਰ ਦਿਆਂ ਗਾਂ

ਉਤੋਂ ਵੀ ਸਫ਼ੈਦ ਅਸੀਂ ਵਿਚੋਂ ਵੀ ਸਫ਼ੈਦ ਆਂ
'ਹਸਨਪੁਰੀ' ਹੋਇਆ ਕੀ ਜੇ ਹੋ ਚੱਲੇ ਕੈਦ ਆਂ
ਜ਼ੁਲਮ ਨਹੀਂ ਸਹਾਰਨਾ
ਕੂਕਿਆਂ ਨਾ ਹਾਰਨਾ
ਮੌਤ ਦੇ ਸੀਨੇ ਤੇ ਪੈਰ ਧਰ ਦਿਆਂ ਗਾ
ਮੈਂ ਘਰ ਘਰ ਰਾਮ ਸਿੰਘ ਕਰ ਦਿਆਂ ਗਾ

(੨)

ਮਾਂ ਦੀ ਲੋਰੀ ਨੇ ਸੁਰ ਦਿਤੀ ਥਾਪੜ ਥਾਪੜ ਤਾਲ ਸਿਖਾਈ
ਇੰਜ ਲਗਦਾ ਏ ਮੈਨੂੰ ਏਦਾਂ ਗੀਤ ਲਿਖਣ ਦੀ ਸੋਝੀ ਆਈ

ਮਾਂ ਦੀ ਮਮਤਾ ਵਿਚ ਮੈਂ ਤਕਿਆ ਜਦੋਂ ਮੁਹੱਬਤ ਦਾ ਝਲਕਾਰਾ
ਫੇਰ ਤਾਂ ਸਾਰਾ ਜੱਗ ਹੀ ਮੈਨੂੰ ਜਾਪਣ ਲਗਿਆ ਪਿਆਰਾ ਪਿਆਰਾ
ਉਂਗਲੀ ਫੜ ਉਸ ਤੁਰਨ ਸਿਖਾਇਆ ਨਾਲੇ ਜੀਵਨ ਜਾਚ ਸਿਖਾਈ
ਇੰਜ ਲਗਦਾ ਏ ਮੈਨੂੰ ਏਦਾਂ ....

ਬਾਪੂ ਨੇ ਵੀ ਲਾਡ ਲਡਾ ਕੇ ਮੇਰਾ ਹਰ ਚਾਅ ਕੀਤਾ ਪੂਰਾ
ਉਸ ਦੇ ਜੀਂਦੇ ਜੀ ਨਾ ਕੋਈ ਸੁਪਨਾ ਮੇਰਾ ਰਿਹਾ ਅਧੂਰਾ
ਛੋਟੀ ਉਮਰੇ ਤੁਰ ਗਿਆ ਬਾਪੂ ਰੋ ਰੋ ਪਾਈ ਹਾਲ-ਦੁਹਾਈ
ਇੰਜ ਲਗਦਾ ਏ ਮੈਨੂੰ ਏਦਾਂ ......

ਮੈਨੂੰ ਮੁਹਿਕਾਂ ਵੰਡਦੀ ਰਹਿੰਦੀ ਭੈਣਾ ਨੇ ਜੋ ਬੰਨੀ ਰੱਖੜੀ
ਦਿਲ-ਦਰਿਆ ਵਿਚ ਠਾਠਾਂ ਮਾਰੇ ਵੀਰਾਂ ਦੀ ਨਿੱਘੀ ਗਲਵਕੜੀ
ਵਫਾ, ਸਚਾਈ, ਲਗਨ, ਦ੍ਰਿੜਤਾ, ਪਿਆਰ, ਮਹੱਬਤ ਹੋਈ ਸਹਾਈ
ਇੰਜ ਲਗਦਾ ਏ ਮੈਨੂੰ ਏਦਾਂ ....

ਸਭਿਆਚਾਰ ਦੀ ਫੁਲਕਾਰੀ ਤੇ ਫੁੱਲ ਪਾਉਣ ਦੀ ਕੋਸ਼ਿਸ਼ ਕੀਤੀ
ਲੋਕ-ਹਿਤਾਂ ਦਾ ਸ਼ਾਇਰ ਬਣ ਕੇ ਫ਼ਰਜ਼ ਨਿਭਾਉਣ ਦੀ ਕੋਸ਼ਿਸ਼ ਕੀਤੀ
'ਹਸਨਪੁਰੀ' ਕੋਈ ਸਿਆਣਾ ਆਖੇ ਕੋਈ ਮੈਨੂੰ ਕਹੇ ਸੁਦਾਈ
ਇੰਜ ਲਗਦਾ ਏ ਮੈਨੂੰ ਏਦਾਂ ......

ਗੜਵਾ ਚਾਂਦੀ ਦਾ
ਬਰੀਕਾ ਚੌਕ (ਫਿਰੋਜ਼ਪੁਰ ਰੋਡ)
ਲੁਧਿਆਣਾ-੧੪੨੦੨੧
ਮੋ. ੯੮੧੫੧-੨੫੬੪੧

ਗ਼ਜ਼ਲ

ਸ਼ਹੀਦਾਂ ਦੀ ਮਿੱਟੀ

—ਪ੍ਰੀਤਮ ਸਿੰਘ ਪੰਧੇਰ

ਸ਼ਹੀਦਾਂ ਦੀ ਇਹ ਮਿੱਟੀ ਹੈ, ਜੁ ਬਣ ਤਲਵਾਰ ਬੋਲੇਗੀ।
ਰਚੀ ਜੋ ਏਸ ਰੱਕੜ ਵਿਚ, ਲਹੂ ਦੀ ਧਾਰ ਬੋਲੇਗੀ!

ਇਹ ਰੱਕੜ ਕੋਟਲੇ ਦੀ ਮਿੱਟੀ ਹੈ, ਮੱਥੇ ਨੂੰ ਲਾ ਵੇਖੋ,
ਕਹੂ ਥੋਨੂੰ, ਫਲੋ ਫੁੱਲੋ, ਇਹ ਦੇ ਕੇ ਪਿਆਰ ਬੋਲੇਗੀ!

ਇਕੱਲੇ ਨਾਮ ਦੇ ਸਿਰ ਤੇ, ਅਜ਼ਾਦੀ ਜੰਗ ਛੇੜੀ ਸੀ,
ਕਿਵੇਂ ਖੇਡੀ ਲਹੂ ਹੋਲੀ, ਇਹ ਦੁੱਧ ਦਸਤਾਰ ਬੋਲੇਗੀ।

ਬੜੀ ਸੌਖੀ ਹੈ ਕਹਿਣੀ ਪਰ, ਇਹ ਕਰਨੀ ਹੈ ਬੜੀ ਔਖੀ,
ਜੋ ਭਗਤੀ ਦੇਸ਼ ਦੀ ਸਰਬੰਸ ਤਿੱਕਰ ਵਾਰ ਬੋਲੇਗੀ।

ਸਿਦਕ ਦੀ ਦਾਸਤਾਂ ਬੋਲੂ, ਜ਼ਮਾਨੇ ਨੂੰ ਸਦਾ ਯਾਰੋ,
ਤਲ਼ੀ ਤੇ ਸੀਸ ਬੋਲੇਗਾ, ਤੇ ਜਾਂ ਫਿਰ ਦਾਰ ਬੋਲੇਗੀ!

ਕਰਜ਼ ਕੌਮੀ ਸ਼ਹੀਦਾਂ ਦਾ, ਕੋਈ ਵੀ ਮੋੜ ਨਹੀਂ ਸਕਦਾ,
ਧਰਤ ਵੀ ਮੋੜ ਨਹੀਂ ਸਕਦੀ, ਦਿਲੋਂ ਬਲਿਹਾਰ ਬੋਲੇਗੀ।

ਅਸਾਂ ਕੱਖਾਂ ਨੂੰ ਕਰ ਕੱਠੇ, ਹੈ ਖ਼ਾਰਾਂ ਵਿਚ ਬਦਲ ਦੇਣਾ,
ਕਰੂ ਕੀ ਤਾਜ ਉਸ ਦਾ ਫਿਰ, ਇਹ ਬਣ ਯਲਗ਼ਾਰ ਬੋਲੇਗੀ।

ਸਿਤਮ ਜਦ ਬੇਜ਼ੁਬਾਨਾਂ ਤੇ, ਮਸੂਮਾਂ ਤੇ ਢਹੂ ਕਿਧਰੇ,
ਇਹ ਮਿੱਟੀ ਕੋਟਲੇ ਦੀ ਬਣ ਕੇ ਫਿਰ ਵੰਗਾਰ ਬੋਲੇਗੀ।

ਅਸੀਂ ਜ਼ਾਲਮ ਹਵਾ ਅੱਗੇ, ਖੜੇ ਨਾ ਪਰਬਤਾਂ ਵਾਂਗੂੰ,
ਉਹੀ ਸਰਹੰਦ ਦਾ ਇਤਿਹਾਸ ਫਿਰ ਦੀਵਾਰ ਬੋਲੇਗੀ।

ਅਧੂਰੀ ਹੈ, ਅਜ਼ਾਦੀ ਇਹ, ਭਰਿਸ਼ਟਾਚਾਰ ਦੀ ਮਾਰੀ,
ਸਚਾਈ ਜੋਤ ਜੇ ਬਾਲੋਂ, ਇਹ ਜੈ ਜੈ ਕਾਰ ਬੋਲੇਗੀ।

ਸ਼ਹੀਦਾਂ ਦੀ ਚਿਤਾਵਾਂ ਤੇ ਨਹੀਂ ਮੇਲੇ ਹੀ ਕਾਫੀ ਹੁਣ,
ਭਰੋ ਉਹ ਰੰਗ ਖਿਆਲਾਂ ਵਿਚ, ਸਮੇਂ ਦੀ ਧਾਰ ਬੋਲੇਗੀ!

ਸ਼ਹਾਦਤ ਦੇਸ਼ ਭਗਤਾਂ ਦੀ, ਕਿਸੇ ਇਕ ਦੀ ਨਹੀਂ 'ਪ੍ਰੀਤਮ',
ਇਹ ਹੁੰਦੀ ਸ਼ਾਨ ਕੌਮਾਂ ਦੀ, ਇਹ ਬਣ ਯਲਗ਼ਾਰ ਬੋਲੇਗੀ।

੧੮੪੩, ਗਲੀ-੬ ਮਹਾਰਾਜ ਨਗਰ,
ਲੁਧਿਆਣਾ-੧੪੧੦੦੧
ਮੋ. ੯੮੧੪੮-੩੨੯੪੮

ਗ਼ਜ਼ਲ

—ਡਾ. ਨਰੇਸ਼

ਪਹਿਲਾਂ ਅੱਤਿਆਚਾਰ ਦੀ ਚਰਚਾ ਕਰੋ।
ਫਿਰ ਕਿਸੇ ਵਿਦਰੋਹ ਦੀ ਇੱਛਾ ਕਰੋ।

ਜ਼ਿੰਦਗੀ ਦਾ ਫ਼ਲਸਫ਼ਾ ਏਨਾ ਹੀ ਹੈ,
ਅਪਣੇ ਜ਼ਿੰਦਾ ਹੋਣ ਦਾ ਨਿਸ਼ਚਾ ਕਰੋ।

ਕੌਮ ਦੀ ਕਿਸਮਤ ਬਦਲਣੀ ਹੈ ਤਾਂ ਫਿਰ,
ਦੋਸਤੋ ਸ਼ਮਸ਼ੀਰ ਦੀ ਪੂਜਾ ਕਰੋ।

ਰੋਸ਼ਨੀ ਦੀ ਭੀਖ ਮੰਗਣ ਵਾਲਿਓ,
ਦਿਲ ਜਲਾ ਕੇ ਨੂਰ ਦਾ ਹੀਲਾ ਕਰੋ।

ਹੈ 'ਨਰੇਸ਼' ਇਲਹਾਮ ਅਪਣੀ ਸ਼ਾਇਰੀ,
ਇਸ ਨੂੰ ਪੜ੍ਹ ਕੇ ਦੇਰ ਤਕ ਗੁਣਿਆ ਕਰੋ।

-੧੬੯, ਸੈਕਟਰ-੧੭,
ਪੰਚਕੂਲਾ-੧੩੪੧੦੯

ਦੋ ਰੁਬਾਈਆਂ

— ਪ੍ਰਿੰ. ਨਵਰਾਹੀ ਘੁਗਿਆਣਵੀ

ਲੋਕਾਂ ਨੂੰ ਗੁੰਮਰਾਹ ਕੀਤਾ ਹੈ, ਧਰਮ ਦੇ ਠੇਕੇਦਾਰਾਂ।
ਧਰਮ ਦੇ ਨਾਂ 'ਤੇ ਕਰਨ ਅੱਯਾਸ਼ੀ, ਲਾਹੀ ਲੱਜ ਮੱਕਾਰਾਂ।
ਪੂਜਾ ਦਾ ਧਨ ਖਾ ਖਾ ਫਿੱਟੇ, ਭੇਖੀ ਅਤੇ ਪਾਖੰਡੀ ;
'ਨਵਰਾਹੀ' ਬੇਸ਼ਰਮਾ ਤਾਈਂ, ਕਿਉਂ ਨਾ ਠੋਕਰ ਮਾਰਾਂ ?

ਸੁਣੀ ਗਈ ਅਰਦਾਸ ਅਸਾਡੀ, ਹੋਈ ਮਿਹਰ ਅਗੰਮੀ।
ਪਲ ਵਿਚ ਛਾਈਂ ਮਾਈਂ ਹੋ ਗਈ, ਮਾਰੂ ਸੋਚ ਨਿਕੰਮੀ।
ਦਿੱਬ ਦ੍ਰਿਸ਼ਟੀ ਉਜਵਲ ਹੋਈ, ਖਿੜਿਆ ਨੂਰ ਚੁਫੇਰੇ;
'ਨਵਰਾਹੀ' ਤਨ ਮਨ ਨੂੰ ਹਾਸਿਲ, ਵਿਸ਼ਵਾਸਾਂ ਦੀ ਥੰਮ੍ਹੀ।

ਸਮਾਂ / ਮਨਜੀਤ ਸੋਹਲ

ਸਮਾਂ
ਸਾਡੇ ਹੀ ਸਿਰ ਉੱਤੇ ਕਿਉਂ ਲਟਕਦਾ ਏ
ਤਿੱਖੀ ਤਲਵਾਰ ਬਣਕੇ
ਅਸੀਂ ਕਿਹੜਾ ਇਹਦੇ ਖੇਤ ਚਰ ਲਏ ਨੇ
ਜਾਂ ਉਜਾੜ ਦਿੱਤੇ ਨੇ ਟਹਿਕਦੇ ਅੰਬਾਂ ਦੇ ਬਾਗ
ਇਹ ਤਾਂ ਜਦੋਂ ਵੀ ਦੇਖੋ
ਸਾਡੀਆਂ ਤੋਕੜ ਲਵੇਰੀਆਂ ਦੁੱਧੋਂ ਭੱਜਣ ਦਾ
ਸਬੱਬ ਬਣਿਆ ਏ
ਤੇ ਸਾਡਿਆਂ ਬਾਲਾਂ ਦੇ ਢਿੱਡ ਅੰਦਰ
ਜਾ ਉਤਰਿਆ ਏ
ਬੇਹੀ ਰੋਟੀ ਲੰਘਾਉਣ ਵੇਲੇ
ਪਾਣੀ ਦਾ ਘੁੱਟ ਬਣਕੇ
ਇਹ ਜਾਣਦਾ ਏ
ਅਸੀਂ ਕਿੱਥੋ ਕਰਾਂਗੇ ਨਵੀਂ ਬੂਰੀ ਕੀਲੇ ਬੰਨ੍ਹਣ ਦਾ ਜੁਗਾੜ
ਤਾਂ ਹੀ ਤਾਂ ਇਹ ਸਾਡੇ ਸਿਰ ਉੱਖਲੀ 'ਚ ਧਰਦਾ ਏ
ਸਮਾਂ
ਸਾਡੀਆਂ ਧੀਆਂ ਦੇ ਵਿਆਹ ਵਾਲੇ ਦਿਨ
ਬਾਪ ਦੇ ਚਿਹਰੇ ਤੋਂ ਉਡਾਉਂਦਾ ਏ ਹਵਾਈਆਂ ਨੂੰ,
ਮੁੰਡੇ ਵਾਲਿਆਂ ਦੀ ਮੁੱਛ ਦਾ ਵੱਟ ਬਣਕੇ
ਤੇ ਤਾਣਦਾ ਏ ਛਾਤੀ ਨੂੰ
ਮੁੰਡੇ ਦੇ ਪਿਓ ਮੂੰਹੋਂ ਨਿਕਲੀ,
ਦਾਜ ਦੀ ਮੰਗ ਬਣਿਆ
ਸਮਾਂ
ਪਟਵਾਰੀ ਦੀਆਂ ਕਿਤਾਬਾਂ 'ਚੋਂ ਨਿਕਲ ਕੇ
ਸਾਡੇ ਖੇਤਾਂ ਦੇ ਬੰਨਿਆਂ ਤੇ ਆ ਖੜ੍ਹਿਆ ਏ,
ਇਕ ਵਟਾ ਦੋ, ਦੋ ਵਟਾ ਤਿੰਨ ਬਣਕੇ
ਤੇ ਸਾਡੀਆਂ ਹੱਡੀਆਂ ਚਰੂੰਡਣ ਲਈ ਨੀਝ ਲਾ ਬੈਠਾ ਏ
ਪਿੰਡ ਦਾ ਪਟਵਾਰੀ ਬਣਕੇ
ਸਮਾਂ
ਕਦੇ ਕਿਸੇ ਮਜ਼ਦੂਰ ਦੇ ਖਾਲੀ ਦਾਣਿਆਂ ਵਾਲੇ
ਡਰੰਮ 'ਚ ਨਹੀਂ ਉਤਰਿਆ
ਸਮਾਂ ਕਦੇ ਉਸਦੇ ਢਹਿ ਰਹੇ ਮਕਾਨ ਨੂੰ
ਸੀਮਿੰਟ ਬਣ ਨਹੀਂ ਚੁੰਬੜਿਆ
ਸਮਾਂ ਤਾਂ ਕਿਸੇ ਧਨਾਡ ਦਾ ਏ ਸੀ. ਬਣਕੇ
ਉਸਦੇ ਆਲੀਸ਼ਾਨ ਬੈਡਰੂਮ ਅੰਦਰ
ਅੱਸੂ ਦੀ ਠੰਡ ਬਣਕੇ ਉਤਰਦਾ ਰਿਹਾ
ਸਮੇਂ ਨੇ ਸਾਡੇ ਹੱਥਾਂ ਦੇ ਪੋਟਿਆਂ ਨੂੰ
ਸਲਵਾੜ੍ਹ ਬਣਕੇ ਚੀਰਿਆ
ਸਮੇਂ ਨੇ ਸਾਡੇ ਪਿੰਡਿਆਂ ਨੂੰ
ਧੁੱਪ ਬਣਕੇ ਸਾੜਿਆ
ਸਮੇਂ ਨੇ ਕਦੇ ਇਸ ਤਰ੍ਹਾਂ ਨਹੀਂ ਕੀਤਾ
ਕਿ ਕੱਪੜਿਆਂ ਦੀ ਦੁਕਾਨ ਤੇ ਉੱਤਰ ਆਵੇ
ਘੱਟ ਮੁੱਲ ਦਾ ਸੂਟ ਬਣਕੇ
ਇਹ ਤਾਂ ਵਿਆਹਾਂ 'ਚ ਖ਼ਰੀਦੇ
ਲੀੜਿਆਂ ਦਾ ਮੁੱਲ ਚੁਕਾਵਣ ਲਈ
ਮੱਕਾਰ ਆੜ੍ਹਤੀਏ ਮੂਹਰੇ ਜੁੜਵਾਉਂਦਾ ਰਿਹਾ
ਰੱਟਣਾਂ ਭਰੇ ਹੱਥ ਸਾਡੇ
ਇਹ ਤਾਂ ਜਦ ਵੀ ਡੁਲ੍ਹਿਆ
ਅਮੀਰਾਂ ਦੀ ਔਲਾਦ ਦੇ ਚਿਹਰੇ ਤੋਂ
ਲਾਲੀ ਬਣਕੇ ਡੁਲ੍ਹਿਆ
ਸਮਾਂ ਸਾਡੇ ਵਿਹੜਿਆਂ 'ਚ ਤਿੱਖੜ ਦੁਪਹਿਰੇ
ਨਵੀਂ ਕੋਈ ਗਰਜ਼ ਬਣਕੇ ਉਤਰਿਆ
ਤੇ ਭਾਈਆਂ ਦੀਆਂ ਵੱਖੀਆਂ 'ਚ
ਭਰਦਾ ਰਿਹਾ ਚੂੰਡੀਆਂ
ਪਿੰਡ ਦਾ ਕੋਈ ਲੁੱਚਾ ਮੋਹਤਬਾਰ ਬਣਕੇ
ਤੇ ਪਵਾਉਣ ਲਈ ਰਿਹਾ ਘੜਦਾ ਸਕੀਮਾਂ
ਵਿਹੜੇ ਦਾ ਢਿੱਡ ਪਾੜ-ਕੇ
ਕੰਧ ਬਟਵਾਰੇ ਵਾਲੀ
ਸਮਾਂ ਕਦੇ ਵੀ ਸਾਡਾ ਨਹੀਂ ਬਣਿਆ
ਇਹ ਤਾਂ ਬੁੱਚੜਾਂ ਦੇ ਹੱਥਲੀ ਛੁਰੀ ਬਣਕੇ
ਮਾੜੇ ਲੀਡਰਾਂ ਦੇ ਹੱਥੀਂ ਚੜ੍ਹਿਆ
ਸਮਾਂ ਸਾਡੀ ਧੌਣ ਤੇ ਰਿਹਾ ਟਿਕਿਆ
ਹਲਾਲ ਕਰਨ ਦੀ ਸਕੀਮ ਬਣਕੇ
ਅਸੀਂ ਤਾਂ ਨਿੱਤ ਸੋਚਦੇ ਹਾਂ :
ਸਮਾਂ
ਸਾਡੇ ਹੀ ਸਿਰ ਤੇ ਕਿਉਂ ਲਟਕਦਾ ਏ
ਤਿੱਖੀ ਤਲਵਾਰ ਬਣਕੇ
ਅਸੀਂ ਕਿਹੜਾ ਇਹਦੇ ਖੇਤ ਚਰ ਲਏ ਨੇ
ਜਾਂ ਉਜਾੜ ਦਿੱਤੇ ਨੇ ਅੰਬਾਂ ਦੇ ਟਹਿਕਦੇ ਬਾਗ਼
ਜਾਂ ਉਜਾੜ ਦਿੱਤੇ ਨੇ .... ।

ਗ਼ਜ਼ਲ/ ਰਾਜਿੰਦਰ ਜਿੰਦ

ਰਿਸ਼ਤੇ-ਨਾਤੇ ਪਿਆਰ ਤੇ ਇਹ ਯਾਰੀਆਂ।
ਸਭ ਗ਼ਰਜ਼ ਦੇ ਦਰ 'ਤੇ ਹੀ ਆ ਕੇ ਹਾਰੀਆਂ।

ਜਿਸ ਨੇ ਮੈਨੂੰ ਰੱਖਣਾ ਤੱਕਣਾ ਦਸਿਆ ਸੀ,
ਸ਼ੀਸ਼ੇ ਉਪਰ ਉਸ ਲਕੀਰਾਂ ਮਾਰੀਆਂ।

ਉਸ ਪਾਣੀ ਨੂੰ ਗੰਧਲਾ ਗੰਦਾ ਨਈਂ ਕਰਦੇ,
ਜੇਸ ਦੇ ਵਿਚ ਲਾਉਣੀਆਂ ਨੇ ਤਾਰੀਆਂ।

ਮਿੱਟੀ ਫਿਰ ਵੀ ਅੰਦਰ ਆ ਜਏ ਰਾਹਵਾਂ ਦੀ,
ਘੁੱਟ ਲੈ ਜਿੰਨੇ ਮਰਜ਼ੀ ਬੂਹੇ ਬਾਰੀਆਂ।

ਗੱਲ ਉਹ ਜਦ ਵੀ ਜੀਵਨ ਜਾਚ ਦੀ ਕਰਦਾ ਸੀ,
ਲੋਕਾਂ ਆਖਣ ਗੱਲਾਂ ਕਰੇ ਨਕਾਰੀਆਂ।

ਧੂਣੀ

—ਹਰਭਜਨ ਸਿੰਘ ਬਾਂਜਵਾ

ਛੇੜੋ ਨਾ ਯਾਰੋ,
ਮਨ ਦੁੱਖੀ ਏ।
ਧੂਣੀ ਤੇ ਬੈਠਾ ਹਾਂ,
ਯਾਦਾਂ ਦੀਆਂ ਪਾਥੀਆਂ ਲਾਕੇ।
ਕਦੀ ਕਦੀ ਇਸ ਧੂਣੀ ਤੇ,
ਯਾਰਾਂ ਦੇ ਵਾਇਦੇ ਵੀ ਸਾੜਦਾ ਹਾਂ।
ਕਦੀ ਕਦੀ ਇਸ ਧੂਣੀ ਤੇ,
ਯਾਰਾਂ ਦੇ ਉਲ੍ਹਾਮੇ ਸੇਕਦਾ ਹਾਂ।
ਕਦੀ ਕਦੀ ਇਸ ਧੂਣੀ ਤੇ,
ਰਿਸ਼ਤੇਦਾਰੀ ਦੀ ਈਰਖਾ ਵੇਖਦਾ ਹਾਂ।
ਕਦੀ ਕਦੀ ਇਸ ਧੂਣੀ ਤੇ,
ਮੁੱਕਰਦੇ ਰਿਸ਼ਤੇ ਤੇ ਯਾਰ ਵੇਖਦਾ ਹਾਂ।
ਕਦੀ ਕਦੀ ਇਸ ਧੂਣੀ ਤੇ,
ਆਪਣੀਆਂ ਪੱਸ਼ਲੀਆਂ ਸੇਕਦਾ ਹਾਂ।
ਕਦੀ ਕਦੀ ਇਸ ਧੂਣੀ ਤੇ,
ਰਿਸ਼ਤਿਆਂ ਤੇ ਯਾਰਾਂ ਦੀ ਹਾਓਮੇ ਦੀ,
ਅੱਗ ਬੱਲ੍ਹਦੀ ਵੇਖਦਾ ਹਾਂ।
ਛੇੜੋ ਨਾ ਯਾਰੋ,
ਮਨ ਦੁੱਖੀ ਏ।

ਬੀਤੇ ਤੇ ਗਿਲਾ

—ਹਰਭਜਨ ਸਿੰਘ ਬਾਜਵਾ

ਬੀਤੇ ਦੀ ਖੁਸ਼ੀ ਬਾਰੇ,
ਸਾਰੇ ਜਾਣਦੇ ਹਨ।
ਆਉਣ ਵਾਲੇ ਬਾਰੇ,
ਕੁਛ ਨਹੀਂ ਕਿਹਾ ਜਾਂਦਾ।
ਬੀਤੇ ਨੇ ਖੁਸ਼ੀਆਂ ਦੀ ਥਾਂ,
ਗ਼ਮੀਆਂ ਹੀ ਦਿੱਤੀਆਂ ਨੇ।
ਬੀਤੇ ਦੇ ਨਾਲ ਹੀ,
ਕੁਛ ਸਾਥੀ ਵੀ ਬੀਤ ਗਏ ਨੇ।
ਜੇਹੜੇ ਆਉਣ ਵਾਲੇ ਨੇ,
ਮੈਨੂੰ ਨਹੀਂ ਮੋੜ ਸੱਕਣੇ।
ਇਸ ਕਰਕੇ ਸਾਰੀ ਉਮਰ,
ਬੀਤੇ ਤੇ ਗਿਲਾ ਰਵ੍ਹੇਗਾ।
ਜਦੋਂ ਮੈਨੂੰ ਯਾਦ
ਮੇਰੇ, ਸਜਨਾਂ ਦੀ ਆਵੇਗੀ।
ਫੇਰ ਮੈਂ ਆਉਣ ਵਾਲੇ,
ਨਵੇਂ ਨੂੰ ਯਾਦ ਕਰਾਂਗਾ।
ਪਰ ਬੀਤੇ ਦੀਆਂ ਯਾਦਾਂ,
ਹਮੇਸ਼ਾ ਮੈਨੂੰ ਪੱਥਰ ਬਣਾ ਦੇਣਗੀਆਂ।
ਬੀਤੇ ਨੂੰ ਵੀ ਨਵੇਂ ਵਾਂਗ,
ਪਿਆਰ ਨਾਲ,
ਜੀ ਆਇਆ ਆਖਿਆ ਸੀ।
ਪਰ ਅੱਜ ਮੈਨੂੰ ਦੁੱਖ ਬੀਤੇ ਤੇ ਹੈ।
ਜੇਕਰ ਇਸ ਤਰ੍ਹਾਂ ਹੀ ਹੁੰਦਾ ਰਿਹਾ,
ਤਾਂ ਤੇਰੇ ਨਵੇਂ ਨੂੰ ਕੋਈ ਵੀ,
ਸਲਾਮ ਨਹੀਂ ਕਰੇਗਾ।

ਨਕਲ ਕਰਨ ਵਾਲੇ

—*ਜਸਵੰਤ ਸਿੰਘ ਵਿਰਦੀ*

ਬਗਲਾ ਬਹੁਤ ਪ੍ਰੇਸ਼ਾਨ ਸੀ। ਪ੍ਰੇਸ਼ਾਨ ਹੀ ਨਹੀਂ, ਦੁਖੀ ਵੀ ਸੀ। ਅਤੇ ਉਹਨੇ ਖਾਣਾ ਪੀਣਾ ਛੱਡ ਦਿੱਤਾ ਸੀ। ਉਸ ਦੀ ਬਿਰਾਦਰੀ ਦੇ ਲੋਕ ਹੋਰ ਬਗਲੇ ਉਸਦੀ ਇਹ ਤਰਸ ਭਰੀ ਹਾਲਤ ਦੇਖ ਕੇ ਉਸ ਦੇ ਦੁਆਲੇ ਇਕੱਠੇ ਹੋ ਗਏ ਸਨ। ਉਹ ਸੋਚ ਰਹੇ ਸਨ— 'ਸਾਡੀ ਬਗਲਿਆਂ ਦੀ ਕੌਮ ਤਾਂ ਕਦੀ ਵੀ ਜ਼ਿੰਦਗੀ ਦੇ ਦੁੱਖ ਦਰਦ ਨੂੰ ਏਨੀ ਗੰਭੀਰਤਾ ਨਾਲ ਮਹਿਸੂਸ ਨਹੀਂ ਕਰਦੀ, ਜਿਵੇਂ ਕਿ ਇਹ ਬਗਲਾ ਕਰ ਰਿਹਾ।'

'ਉਏ ਛੋਕਰਿਆ, ਤੇਰੀ ਤਕਲੀਫ਼ ਕੀ ਹੈ?' ਇਕ ਬਜ਼ੁਰਗ ਬਗਲੇ ਨੇ ਪੁੱਛਿਆ ਤਾਂ ਉਹ ਬਗਲਾ ਬੋਲਿਆ—

'ਬਜ਼ੁਰਗੋ, ਪਹਿਲਾਂ ਦੱਸੋ, ਕੀ ਸਾਡੀ ਕੌਮ ਹੰਸਾਂ ਨਾਲੋਂ ਮਾੜੀ ਹੈ?'

'ਬਿਲਕੁਲ ਨਹੀਂ।' ਬਜ਼ੁਰਗ ਨੇ ਕਿਹਾ—'ਹੰਸ ਵੀ ਗੋਰੇ ਚਿੱਟੇ ਨੇ ਤੇ ਅਸੀਂ ਵੀ।'

ਬਜ਼ੁਰਗ ਨੇ ਜੋ ਕਿਹਾ, ਉਹਨੇ ਉਸ ਗੱਭਰੂ ਬਗਲੇ ਨੂੰ ਹੋਰ ਦੁਖੀ ਕਰ ਦਿੱਤਾ— 'ਬੱਸ ਇਹੋ ਹੀ ਤਾਂ ਗੱਲ ਹੈ। ਹੰਸ ਸਾਨੂੰ ਕੁਝ ਸਮਝਦੇ ਹੀ ਨਹੀਂ...।'

ਬਜ਼ੁਰਗ ਨੇ ਕਿਹਾ — 'ਤੁਹਾਡੀ ਇਸ ਗੱਲ ਨਾਲ ਮੇਰਾ ਦੁੱਖ ਦੂਰ ਨਹੀਂ ਹੋ ਸਕਦਾ।'

'ਹੋਰ ਫੇਰ ਅਸੀਂ ਤੇਰੇ ਲਈ ਕੀ ਕਰੀਏ ?

ਉਸ ਗੱਭਰੂ ਬਗਲੇ ਨੇ ਆਪਣੀ ਬਿਰਾਦਰੀ ਦੇ ਸਭਨਾਂ ਹੀ ਲੋਕਾਂ ਨੂੰ ਗਹੁ ਨਾਲ ਤੱਕਿਆ ਤੇ ਚੁੱਪ ਕੀਤਾ ਰਿਹਾ। ਜਿਵੇਂ ਕਹਿ ਰਿਹਾ ਹੋਵੇ— 'ਤੁਸੀਂ ਮੇਰੇ ਲਈ ਕੀ ਕਰੋਗੇ ?.... ਕੀ ਕਰੋਗੇ ?'

ਬੋਲਦਾ ਨਹੀਂ ਤੂੰ।' ਉਸ ਗੱਭਰੂ ਬਗਲੇ ਦੇ ਇੱਕ ਮਿੱਤਰ ਨੇ ਕਿਹਾ— 'ਤੂੰ ਚਾਹੁਦਾ ਕੀ ਏਂ?'

'ਮੈਂ ਬਹੁਤ ਕੁਝ ਚਾਹੁੰਦਾਂ...।'

'ਇਹ ਤਾਂ ਚੰਗੀ ਗੱਲ ਹੈ।' ਮਿੱਤਰ ਬੋਲਿਆ—

'ਕਿਉਂਕਿ ਜ਼ਿੰਦਗੀ ਤੋਂ ਬਹੁਤੀ ਆਸ ਰੱਖੋ ਤਦ ਹੀ ਬਹੁਤ ਕੁਝ ਮਿਲ ਸਕਦੈ...।'

ਗੱਭਰੂ ਬਗਲੇ ਨੇ ਕਿਹਾ— 'ਇਸ ਤਰ੍ਹਾਂ ਦੀਆਂ ਗੱਲਾਂ ਨਾਲ ਢਿੱਡ ਨਹੀਂ ਭਰ ਸਕਦਾ...।'

'ਇਹ ਤਾਂ ਠੀਕ ਹੈ।' ਕਈ ਬਗਲੇ ਬੋਲ ਪਏ—

'ਗੱਲਾਂ ਦਾ ਕੋਈ ਲਾਭ ਨਹੀਂ...।'

'ਇਸ ਲਈ ਮੇਰਾ ਦੁੱਖ ਦੂਰ ਨਹੀਂ ਹੋ ਸਕਦਾ....।' ਉਦਾਸ ਬਗਲੇ ਨੇ ਕਿਹਾ ਤਾਂ ਬਿਰਾਦਰੀ ਦੇ ਬਾਕੀ ਬਗਲਿਆਂ ਨੂੰ ਮਹਿਸੂਸ ਹੋਇਆ ਕਿ ਉਹ ਗੱਭਰੂ ਬਗਲਾ ਮਾਨਸਿਕ ਰੂਪ ਵਿਚ ਬੀਮਾਰ ਹੋ ਗਿਆ ਸੀ। ਇਸ ਗੱਲ ਨਾਲ ਉਨ੍ਹਾਂ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਹੋਈ, ਕਿਉਂਕਿ ਬਗਲੇ ਖੁਸ਼ ਰਹਿਣੇ ਪ੍ਰਾਣੀ ਸਨ। ਲੋਕ ਉਨ੍ਹਾਂ ਨੂੰ ਆਮ ਤੌਰ 'ਤੇ ਛੰਭਾਂ ਅਤੇ ਸਰੋਵਰਾਂ ਕੰਢੇ ਸ਼ਿਕਾਰ ਕਰਦੇ ਹੀ ਦੇਖਦੇ ਸਨ। ਪਰ ਕਿਸੇ ਨੇ ਬਗਲਿਆਂ ਨੂੰ ਉਦਾਸ ਜਾਂ ਦੁਖੀ ਨਹੀਂ ਸੀ ਦੇਖਿਆ।

'ਪਰ ਤੂੰ ਕੂ ਚਾਹੁੰਦਾ ਏਂ? ਕਈ ਬਗਲਿਆਂ ਨੇ ਇਕ ਆਵਾਜ਼ ਹੋ ਕੇ ਫਿर ਕਿਹ— 'ਸਾਨੂੰ ਕੁਝ ਦੱਸ ਤਾਂ ਸਹੀ।'

'ਮੈਂ ਮੋਤੀ ਚਾਹੁੰਦਾਂ।' ਉਸ ਗਭਰੂ ਬਗਲੇ ਨੇ ਆਪਣੇ ਦਿਲ ਦੀ ਗੱਲ ਕਹਿ ਦਿੱਤੀ— 'ਜਿਵੇਂ ਹੰਸ ਮੋਤੀਆਂ ਦੀ ਚੋਗ ਚੁਗਦੇ ਨੇ, ਉਸੇ ਤਰ੍ਹਾਂ ਹੀ ਮੈਂ ਵੀ ਮੋਤੀ ਚਾਹੁੰਦਾਂ...।'

'ਮੋਤੀ?'

'ਹਾਂ, ਮੋਤੀ?.... ਬਗਲਿਓ! ਉਸ ਤੋਂ ਵੀ ਅੱਗੇ ਵੱਧ ਕੇ ਮੈਂ ਹੀਰਿਆਂ ਦੀ ਖੁਰਾਕ ਚਾਹੁੰਦਾ... ਤਾਂ ਕਿ ਹੰਸਾਂ ਤੋਂ ਅੱਗੇ ਲੰਘ ਸਕਾਂ...।'

'ਪਰ ਕੁਦਰਤ ਨੇ ਸਾਡੀ ਖੁਰਾਕ ਜੀਵ-ਜੰਤੂ ਨਿਸ਼ਚਿਤ ਕੀਤੀ ਹੋਈ ਹੈ।' ਇਕ ਸਿਆਣੇ ਬਗਲੇ ਨੇ ਕਿਹਾ— 'ਤੇ ਕੁਦਰਤ ਹੈ, ਉਹਦਾ ਸਤਿਕਾਰ ਕਰਨਾ ਚਾਹੀਦੈ।'

'ਜੀਵ-ਜੰਤੂ ਖਾਣੇ ਚੰਗੀ ਗੱਲ ਨਹੀਂ ਹੈ।'

ਉਸ ਗਭਰੂ ਬਗਲੇ ਨੇ ਕਿਹਾ— 'ਜੀਵ ਜੰਤੂ ਵੀ ਸਾਡੇ ਵਾਂਗ ਹੀ ਕੁਦਰਤੀ ਪ੍ਰਾਣੀ ਨੇ.. ਤੇ ਮੈਂ ਮੋਤੀਆਂ ਤੋਂ ਵੀ ਅੱਗੇ ਵਧ ਕੇ ਹੀਰਿਆਂ ਦੀ ਖੁਰਾਕ ਚਾਹੁੰਦਾਂ.... ਜਿਵੇਂ ਮੈਂ ਤੁਹਾਨੂੰ ਕਹਿ ਚੁੱਕਾਂ.... ਤੁਸੀਂ ਮੇਰੇ ਲਈ ਕੁਝ ਕਰੋਗੇ।'

ਕਈਆਂ ਨੇ ਹੈਰਾਨੀ ਨਾਲ ਪੁੱਛਿਆ— 'ਹੀਰਿਆਂ ਦੀ ਖੁਰਾਕ?'

ਉਹਨੇ ਘੁਮੰਡ ਨਾਲ ਕਿਹਾ— 'ਹਾਂ, ਹੀਰਿਆਂ ਦੀ...।'

'ਪਰ ਹੀਰੇ ਤਾਂ ਪੱਥਰ ਨੇ...।'

'ਕੌਣ ਕਹਿਦੈ?''

'ਸਭੋ ਹੀ ਜਾਣਦੇ ਨੇ...'

'ਇਹ ਗੱਲ ਕਹਿਣ ਵਾਲੇ ਮੂਰਖ ਨੇ...।'

'ਤੇ ਤੂੰ?'

'ਮੈਂ ਹੀਰੇ ਖਾਵਾਂਗਾ ਤਾਂ ਕਿ ਹੰਸਾਂ ਨਾਲੋਂ ਬਿਹਤਰ ਅਖਵਾ ਸਕਾਂ...।'

'ਪਰ ਤੇਰੇ ਕੋਲੋਂ ਉਹ ਪੱਥਰ ਖਾ ਨਹੀਂ ਹੋਣੇ...।'

'ਕਿਵੇਂ ਜਾਣਦੇ ਹੋ?'

'ਹਰ ਨਸਲ ਦੀ ਆਪਣੀ ਸਰੀਰਕ ਬਣਤਰ ਹੈ।'

ਉਹ ਗਭਰੂ ਬਗਲਾ ਚੁੱਪ ਕਰ ਗਿਆ ਤਾਂ ਬਾਕੀ ਦੇ ਕੁਝ

ਸਿਆਣੇ ਬਗਲਿਆਂ ਨੇ ਆਪਸ 'ਚ ਕਿਹਾ—'ਵਿਚਾਰਾ ਹੀਣਭਾਵਨਾ ਦਾ ਸ਼ਿਕਾਰ ਹੋ ਗਿਐ...ਕੋਈ ਮੋਤੀ ਖਾਵੇ ਜਾਂ ਜੀਵ ਜੰਤੂ ? ਇਹਦੇ ਨਾਲ ਕੀ ਫ਼ਰਕ ਪੈਂਦਾ ਹੈ। ਮਸਲਾ ਤਾਂ ਇਹ ਹੈ ਕਿ ਜੀਵਨ ਨੂੰ ਬਿਹਤਰ ਕਿਵੇਂ ਬਣਾਇਆ ਜਾ ਸਕਦੈ...।'

ਉਸ ਗਭਰੂ ਨੇ ਕਿਹਾ—'ਫ਼ਰਕ ਪੈਂਦਾ ਹੈ... ਕਿਉਂਕਿ ਮੋਤੀ ਖਾਣ ਵਾਲੇ ਹੰਸ ਆਪਣੇ ਆਪ ਨੂੰ ਉੱਚ ਵਰਗ ਦੇ ਅਤੇ ਬੜੇ ਸੱਚੇ ਸੁੱਚੇ ਸਮਝਦੇ ਨੇ...ਉਨ੍ਹਾਂ ਦੀ ਤਾਰੀਫ਼ ਵਿਚ ਗ੍ਰੰਥ ਭਰੇ ਪਏ ਨੇ...ਪਰ ਲੋਕਾਂ ਨੇ ਸਾਨੂੰ ਕਪਟੀ ਕਿਹਾ। ਕਿਉਂਕਿ ਅਸੀਂ ਜਲ ਜੀਵਾਂ ਨੂੰ ਧੋਖੇ ਨਾਲ ਮਾਰ ਕੇ ਖਾਂਦੇ ਹਾਂ...।'

ਇਕ ਸਿਆਣੇ ਬਗਲੇ ਨੇ ਕਿਹਾ—'ਗਭਰੂਆ ਤੇਰੀ ਗੱਲ ਸੁੱਟ ਪਾਉਣ ਵਾਲੀ ਨਹੀਂ, ਪਰ ਮਸਲਾ ਇਹ ਹੈ ਕਿ ਜਲ ਜੀਵ ਛੱਡ ਕੇ ਅਸੀਂ ਹੀਰੇ ਕਿਵੇਂ ਖਾ ਸਕਦੇ ਹਾਂ...ਹੀਰੇ ਖਾਣ ਵਾਲੇ ਸਾਡੇ ਸਰੀਰ ਨਹੀਂ...।'

'ਅਸੀਂ ਹੀਰੇ ਖਾਈਏ ਤਾਂ ਸਰੀਰ ਉਸੇ ਤਰ੍ਹਾਂ ਦੇ ਬਣ ਜਾਣਗੇ...।'

'ਪਰ ਇਹ ਸੰਭਵ ਨਹੀਂ।' ਕਈ ਬਗਲੇ ਬੋਲ ਪਏ।

'ਹਾਂ ਬਿਲਕੁਲ।' ਇਕ ਹੋਰ ਸਿਆਣੇ ਨੇ ਕਿਹਾ—'ਖੁਰਾਕ ਸਾਡੇ ਜੀਵਨ ਦਾ ਆਧਾਰ ਹੈ ਤੇ ਖੁਰਾਕ ਦੀ ਤਬਦੀਲੀ ਸਦੀਆਂ ਲਾ ਕੇ ਹੋ ਸਕਦੀ ਹੈ...।'

'ਪਰ ਮੈਂ ਤਾਂ ਹੁਣ ਜਲ ਜੀਵ ਨਹੀਂ ਖਾ ਸਕਦਾ।'

ਉਸ ਗਭਰੂ ਨੇ ਕਿਹਾ ਤਾਂ ਕੋਈ ਹੋਰ ਨੌਜਵਾਨ ਬੋਲਿਆ—'ਫੇਰ ਆਪਾਂ ਘਾਹ ਖਾ ਲੈਂਦੇ ਹਾਂ।'

'ਕਿਉਂ ?' ਉਹ ਬਗਲਾ ਚੀਖਿਆ।

'ਕਿਉਂਕਿ ਗਊ ਘਾਹ ਖਾਂਦੀ ਹੈ ਤੇ ਦੁੱਧ ਦਿੰਦੀ ਹੈ...।'

'ਵਿਚਾਰੀ ਗਊ!' ਕਈਆਂ ਨੇ ਇਕ ਦੂਜੇ ਵੱਲ ਤੱਕ ਕੇ ਸੋਚਿਆ।

ਉਸ ਗਭਰੂ ਨੇ ਕਿਹਾ —'ਮੈਂ ਨਹੀਂ ਘਾਹ ਖਾ ਸਕਦਾ।'

'ਕਿਉਂ ?'

'ਮੈਂ ਗਊ ਨਹੀਂ...।'

ਬਿਰਾਦਰੀ ਦੇ ਲੋਕ ਖਿੱਝ ਗਏ—'ਫੇਰ ਜੰਗਲ ਦੇ ਫਲ ਖਾਵੇਂਗਾ ?'

'ਨਹੀਂ।'

'ਕਿਉਂ ?'

'ਮੈਂ ਹੀਰੇ ਖਾਵਾਂਗਾ।'

'ਚੰਗਾ, ਜਾਹ ਖਾਹ।'

'ਮੈਂ ਚਾਹੁੰਨਾ ਤੁਸੀਂ ਮੇਰਾ ਸਾਥ ਦਿਓ।'

'ਪਹਿਲਾਂ ਤੂੰ ਸ਼ੁਰੂਆਤ ਤਾਂ ਕਰ।'

ਗਭਰੂ ਬਗਲਾ ਬਿਰਾਦਰੀ ਦੇ ਲੋਕਾਂ ਨੂੰ ਉਥੇ ਹੀ ਛੱਡ ਕੇ ਹੀਰਿਆਂ ਦੀ ਤਲਾਸ਼ ਵਿਚ ਚੱਲ ਪਿਆ। ਉਹਨੇ ਹੀਰਿਆਂ ਬਾਰੇ ਸੁਣਿਆ ਸੀ ਪਰ ਉਹਨੂੰ ਇਹ ਨਹੀਂ ਸੀ ਪਤਾ ਕਿ ਹੀਰੇ ਕਿਥੇ ਹੁੰਦੇ ਨੇ! ਹਾਂ, ਉਹਨੂੰ ਇਹ ਪਤਾ ਸੀ ਕਿ ਮੋਤੀ ਮਾਨਸਰੋਵਰ ਵਿਚ ਹੁੰਦੇ ਨੇ ਅਤੇ ਹੰਸ ਉਥੇ ਮੋਤੀਆਂ ਦੀ ਚੋਗ ਚੁਗਣ ਲਈ ਜਾਂਦੇ ਸਨ।

'ਹੁਣ ਬਗਲੇ ਹੀਰਿਆਂ ਦੀ ਚੋਗ ਚੁਗਿਆ ਕਰਨਗੇ...ਤੇ ਉਹ ਹੰਸਾਂ ਨਾਲੋਂ ਉੱਚ ਵਰਗ ਦੇ ਹੋਣਗੇ... ਉਨ੍ਹਾਂ ਬਾਰੇ ਕਥਾ ਕਹਾਣੀਆਂ ਬਣਨਗੀਆਂ...।'

ਬਹੁਤ ਦੂਰ ਜਾ ਕੇ ਇਕ ਤਲਾਬ ਦੇ ਕੰਢੇ ਕੋਲ ਬੈਠ ਕੇ ਉਹਨੇ ਦੇਖਿਆ ਕਿ ਉਥੇ ਪਾਣੀ ਵਿਚ ਥੱਲੇ ਇਕ ਹੀਰਾ ਚਮਕ ਰਿਹਾ ਸੀ। ਸੂਰਜ ਦੀ ਧੁੱਪ ਉਸ ਦੀ ਚਮਕ ਨੂੰ ਵਧਾ ਰਹੀ ਸੀ। ਉਸ ਚਮਕਦੀ ਹੋਈ ਚੀਜ਼ ਨੂੰ ਦੇਖ ਕੇ ਬਗਲਾ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ—'ਅੱਜ ਮੈਂ ਇਹੋ ਹੀ ਹੀਰਾ ਖਾਵਾਂਗਾ...।'

ਉਥੇ ਸਰੋਵਰ ਵਿਚ ਜਲ ਜੀਵ ਵੀ ਸਨ, ਪਰ ਉਸ ਗਭਰੂ ਬਗਲੇ ਨੇ ਉਨ੍ਹਾਂ ਨੂੰ ਅਣਡਿੱਠ ਕਰ ਦਿੱਤਾ—।

'ਵਿਚਾਰੇ!' ਉਹਨੂੰ ਖਿਆਲ ਆਇਆ।

ਤਲਾਬ ਦੇ ਤਲ 'ਤੇ ਚਮਕਦੇ ਉਸ ਹੀਰੇ ਨੂੰ ਖਾਣ ਲਈ ਬਗਲੇ ਨੇ ਤਲਾਬ ਦੇ ਪਾਣੀ ਵਿਚ ਗੋਤਾ ਮਾਰਿਆ ਤੇ ਉਸ ਚਮਕਦੇ ਹੀਰੇ ਨੂੰ ਚੁੰਝ ਨਾਲ ਜਾ ਫੜਿਆ।

ਪਰ ਉਹ ਚਮਕਦੀ ਚੀਜ਼ ਹੀਰਾ ਨਹੀਂ, ਸਗੋਂ ਪੱਥਰ ਸੀ, ਚਿੱਟਾ ਪੱਥਰ, ਜੋ ਕਿ ਸੂਰਜ ਦੀ ਧੁੱਪ ਦੇ ਪ੍ਰਭਾਵ ਨਾਲ ਚਮਕ ਰਿਹਾ ਸੀ। ਬਗਲੇ ਨੇ ਉਸ ਚਮਕਦੇ ਪੱਥਰ ਨੂੰ ਚੱਕ ਮਾਰਿਆ ਤਾਂ ਉਹ ਪੱਥਰ ਬਗਲੇ ਦੇ ਸੰਘ ਵਿਚ ਫਸ ਗਿਆ। ਉਹ ਖੁਰਦਰਾ ਸੀ ਤੇ ਬਕਬਕਾ ਸੀ। ਉਹ ਜਲ-ਜੀਵਾਂ ਵਾਂਗ ਸੁਆਦੀ ਨਹੀਂ ਸੀ।

ਉਸ ਗੱਭਰੂ ਬਗਲੇ ਦਾ ਪਿੱਛਾ ਕਰਦੇ ਹੋਏ ਬਹੁਤ ਸਾਰੇ ਬਗਲੇ ਉਸੇ ਤਲਾਬ 'ਤੇ ਪੁੱਜ ਗਏ ਸਨ। ਉਨ੍ਹਾਂ ਨੇ ਬਗਲੇ ਨੂੰ ਪਾਣੀ ਵਿਚ ਚਮਕਦੇ ਹੀਰੇ ਜਾਪਦੇ ਪੱਥਰ ਨੂੰ ਚੱਕ ਮਾਰਦਿਆਂ ਤੱਕਿਆ ਤਾਂ ਕਿਹਾ— 'ਹੀਰਾ ਖਾ ਲਿਆ ਤਾਂ ਬਾਹਰ ਆ ਜਾ। ਪਾਣੀ 'ਚ ਕੀ ਕਰਦਾ ਏਂ... ?'

ਗਭਰੂ ਬਗਲੇ ਨੇ ਨਾ ਸੁਣਿਆ ਅਤੇ ਨਾ ਹੀ ਜਵਾਬ ਦਿੱਤਾ।

'ਛੇਤੀ ਕਰ! ਛੇਤੀ ਕਰ!' ਬਗਲਿਆਂ ਨੇ ਫੇਰ ਪੁਕਾਰਿਆ ਤੇ ਉਤਾਵਲੇਪਨ ਨਾਲ ਉਹਨੂੰ ਤੱਕਣ ਲੱਗੇ।

'ਸ਼ਾਇਦ ਪਾਣੀ ਦੇ ਦਬਾਓ ਨਾਲ ਸੰਘਰਸ਼ ਕਰ ਰਿਹੈ।' 'ਬਗਲਿਆਂ ਨੇ ਸੋਚਿਆ— 'ਕਿਤੇ... ?'

ਕੁਝ ਚਿਰ ਮਗਰੋਂ ਬਗਲਾ ਪਾਣੀ 'ਚੋਂ ਬਾਹਰ ਆ ਗਿਆ ਤੇ ਪਾਣੀ ਦੀ ਸਤਹ ਉੱਪਰ ਤੈਰਨ ਲੱਗ ਪਿਆ। ਚਮਕਦਾ ਪੱਥਰ ਉਹਦੇ ਨਰਮ ਸੰਘ ਵਿਚ ਫਸਿਆ ਹੋਇਆ ਸੀ। ਉਹ ਸਾਹ ਘੁੱਟਣ ਨਾਲ ਮਰ ਗਿਆ ਸੀ।

੯੬, ਗੋਲਡਨ ਐਵੀਨਿਊ-੧
ਗੜ੍ਹਾ ਰੋਡ, ਜਲੰਧਰ-੧੪੪੦੨੨

ਅਤੀਤ ਦੀ ਲੋਅ ਤੋਂ ਦਿਸ਼ਾ ਲਈਏ

—ਡਾ. ਸੁਰਿੰਦਰ ਮੰਡ

ਦੁਨੀਆ ਰਾਤ ਦੇ ਸੰਨਾਟੇ ਵਿਚ ਸੁੱਤੀ ਪਈ ਹੈ। ਹਨੇਰੇ ਨੇ ਅੱਖਾਂ ਨਾਲ ਦਿਸਦੇ ਸੰਸਾਰ ਨੂੰ ਢੱਕਿਆ ਹੋਇਆ ਹੈ। ਸਾਰਾ ਜੀਵ ਸੰਸਾਰ ਟਿਕਿਆ ਹੈ ਕਿਸੇ ਅਨੰਦ ਵਰਗੇ ਰੌ ਵਿੱਚ। ਕੁਝ ਹੈ ਜੋ ਮੈਨੂੰ ਸੌਣ ਨਹੀਂ ਦਿੰਦਾ। ਮੈਂ ਉਸਨੂੰ ਭਾਲਦਾ ਹਾਂ। ਚੁੱਪ, ਸ਼ਾਂਤ, ਇਕੱਲਾ ਘੁੱਪ ਹਨੇਰਿਆਂ ਵਿੱਚ।

ਇਸ ਕਾਲੀ ਬੋਲੀ ਰਾਤ ਵਿਚ ਮੈਂ ਕਿੰਨੀ ਦੂਰ ਤੁਰਿਆ ਫ਼ਿਰਦਾ ਹਾਂ। ਆਪਣੇ ਆਪ ਤੋਂ ਵੀ ਬਹੁਤ ਦੂਰ। ਰਾਤ ਟਿੱਕੀ ਹੈ। ਸੋਚ ਆਉਂਦੀ ਹੈ ਕਿ ਪਤਾ ਨਹੀਂ ਕੀ ਟਾਈਮ ਹੋਵੇਗਾ। ਮਨ ਕਹਿੰਦਾ, ਨਹੀਂ, ਕੋਈ ਵੀ ਟੈਮ ਨਹੀਂ ਹੋਇਆ। ਟਾਈਮ ਕੋਈ ਹੁੰਦਾ ਈ ਨਹੀਂ। ਕੋਈ ਆਦਿ ਬਿੰਦੂ ਹੋਵੇ ਤਾਂ ਹੀ ਮਾਪ ਸਕਦੇ ਹਾਂ ਸਮਾਂ ਪਰ ਸਮੇਂ ਦਾ ਤਾਂ ਕੋਈ ਆਦਿ ਬਿੰਦੂ ਨਹੀਂ। ਮੁੱਢ ਹੱਥ ਆਉਣ ਤੋਂ ਬਗੈਰ ਕਿਸੇ ਨੂੰ ਮਾਪਣਾ ਇਕ ਤਰਕਹੀਣ ਯਤਨ ਹੈ। ਸੋ ਚੱਲ ਮਨਾਂ, ਹੁਣ ਸਮੇਂ ਅਤੇ ਸਥਾਨ ਤੋਂ ਉੱਪਰ ਉੱਠ ਕੇ ਫ਼ਿਰਨ ਦੇ ਰਾਹ ਪਈਏ।

ਸਾਡੇ ਸਮਿਆਂ ਦੀ ਰਾਤ ਵਿਚ ਸਾਡਾ ਦੁਖਾਂਤ ਇਹ ਹੈ ਕਿ ਲੋਕਾਂ ਕੋਲ ਅੱਖਰਾਂ ਦੇ ਦੀਵੇ ਤਾਂ ਹੈਗੇ ਨੇ ਪਰ ਉਹਨਾਂ ਤੋਂ ਬਣੇ ਸ਼ਬਦਾਂ ਦੀ ਲੋਅ ਤੋਂ ਉਹ ਅਣਜਾਣ ਹਨ। ਇਹਨਾਂ ਨੂੰ ਸਮਝ ਸਮਝਾ ਕੇ ਵੱਡੇ-ਵੱਡੇ ਮਹਾਂਪੁਰਖ, ਵਿਦਵਾਨ ਚਲੇ ਗਏ ਹਨ ਕਿ ਹਨੇਰੇ ਵਿਚ ਭਟਕਦੇ ਹੋਏ ਟੱਕਰਾਂ ਮਾਰਦੇ ਹੋਏ ਭਰਾਵੋ, ਰੌਸ਼ਨੀ ਤਾਂ ਤੁਹਾਡੇ ਕੋਲ ਹੈ। ਅੰਦਰਲੀਆਂ ਸ਼ਕਤੀਆਂ ਜਗਾਓ। ਤੁਸੀਂ ਚਾਨਣ ਚਾਨਣ ਹੋ ਸਕਦੇ ਹੋ। ਪਰ ਦੁਨੀਆਂ ਨੇ ਉਹਨਾਂ ਦੇ ਸ਼ਬਦਾਂ ਨੂੰ ਅਗਾਂਹ ਹੋ ਕੇ ਸਮਝ ਅਤੇ ਅਮਲ ਕਰਨ ਦੀ ਬਜਾਏ ਦੂਰੋਂ ਹੀ ਮੱਥਾ ਟੇਕ ਛੱਡਿਆ ਹੈ। ਆਪਣੀ ਸ਼ਕਤੀ ਤੋਂ ਅਣਜਾਣ ਹੋਣਾ ਸਾਡਾ ਸਭ ਤੋਂ ਵੱਡਾ ਦੁਰਭਾਗ ਹੈ।

ਪਰ ਨਹੀਂ, ਮੈਂ ਅਤੀਤ ਦੀ ਜਿਸ ਕਿਸੇ ਦੂਰ ਪਾਰ ਦੀ ਘੁੱਪ ਹਨੇਰੀ ਰਾਤ ਵਿਚ ਪਹੁੰਚਿਆ ਹਾਂ, ਉਥੇ ਤਾਂ ਲੋਕਾਂ ਕੋਲ ਅੱਖਰਾਂ ਦੇ ਦੀਵੇ ਵੀ ਨਹੀਂ।

ਉਸ ਰਾਤ ਵਿਚ ਵੀ, ਜਦ ਸਾਰਾ ਸੰਸਾਰ ਅਹਿਲ ਟਿਕਿਆ ਸੀ। ਉਸ ਵਕਤ ਦੀ ਉਸ ਸੇਜ ਉੱਤੇ, ਜਿਥੇ ਮਨੁੱਖ ਜੁਲਫ਼ਾਂ ਦੇ ਜੰਗਲ ਵਿਚ ਪੋਟਿਆਂ ਦੀ ਸਰਸਰਾਹਟ ਵਿਚੋਂ ਨਿਕਲੇ ਰਸ ਨੂੰ ਅਮ੍ਰਿਤ ਸਮਝਦਾ ਹੈ ਅਤੇ ਇਸ ਮਹਾਂਅਨੰਦ ਦੀ ਕੀਮਤ ਉੱਤੇ ਆਪਣੇ ਜੀਵਨ ਦੇ ਵੱਡੇ-ਵੱਡੇ ਲਕਸ਼ ਨਿਛਾਵਰ ਕਰ ਦਿੰਦਾ ਹੈ।

ਉਸ ਉਮਰ ਵਿਚ ਓਦੋਂ ਇਕ ਬੰਦਾ ਉਠਿਆ। ਅਤੇ ਭਵ ਸਾਗਰ ਵਿਚੋਂ ਨਿਕਲਿਆ ਚੇਤਨਾ ਦੀ ਪੱਧਰ ਉੱਤੇ। ਫਿਰ ਭਵ ਸਾਗਰ ਵਿਚ ਹੀ ਵਿਚਰਿਆ ਸਰੀਰ ਦੀ ਪੱਧਰ 'ਤੇ। ਭਵ ਸਾਗਰ ਵਿਚੋਂ ਹੀ ਨਿਰਲੇਪ ਹੋ ਗਿਆ ਮਨ ਦੀ ਪੱਧਰ ਤੇ..... ਭਵ ਸਾਗਰ ਵਿਚ ਊਂਘਦਿਆਂ ਨੂੰ ਝੰਜੋੜਨ ਲਈ।

ਉਹ ਹਨੇਰਿਆਂ ਨੂੰ ਚੀਰਦਾ ਹੋਇਆ ਆਪਣੇ ਦੀਵੇ ਦੀ ਲੋਅ ਨਾਲ ਤੁਰ ਪਿਆ ਜੰਗਲ ਬੀਆਬਾਨਾਂ ਵਿਚੋਂ ਦੀ ਜ਼ਿੰਦਗੀ ਦੇ ਅਸਲੀ ਅਰਥਾਂ ਦੀ ਤਲਾਸ਼ ਵਿਚ। ਉਹ ਮਨੁੱਖ ਦੇ ਅੰਦਰ ਦੇ ਅੰਧਕਾਰ ਨਾਲ ਲੜਿਆ ਸੂਰਮਿਆਂ ਵਾਂਗ, ਕਲਾਕਾਰਾਂ ਵਾਂਗ, ਦਾਰਸ਼ਨਿਕਾਂ ਵਾਂਗ, ਸੰਤ ਰੂਪ ਵਿਚ।

ਉਹ ਸੂਰਜ, ਧਰਤੀ ਅਤੇ ਹਵਾ ਵਾਂਗ ਅੱਗੇ ਹੀ ਅੱਗੇ ਤੁਰੀ ਗਿਆ, ਕਿਸੇ ਅਨੰਤ ਪੈਂਡਿਆਂ ਉੱਤੇ। ਉਹ ਆਪਦੇ ਹੱਥ ਵਿਚਲੇ ਪ੍ਰਕਾਸ਼ ਦੇ ਸੋਮੇ ਦਾ ਸੰਗ ਕਰਦਾ ਕਰਦਾ ਉਸੇ ਪ੍ਰਕਾਸ਼ ਦਾ ਰੂਪ ਹੋ ਗਿਆ। ਪ੍ਰਕਾਸ਼ ਵਿਚ ਲੀਨ। ਪ੍ਰਕਾਸ਼ ਵਿਚ ਪ੍ਰਬੀਨ। ਪ੍ਰਕਾਸ਼ ਵਿਚ ਵਿਲੀਨ। ਧਰਤੀ ਦੇ ਲੋਕਾਂ ਲਈ ਉਸਦਾ ਨਾਂ ਬਾਬਾ ਨਾਨਕ ਸੀ।

ਫਿਰ ਉਹ ਟਿਕ ਗਿਆ। ਸੂਰਜ ਵਾਂਗ ਜਾਪਣ ਲੱਗਾ। ਅਸੀਂ ਤੁਸੀਂ ਮੇਰਾ ਤੇਰਾ ਕਰਨ ਲੱਗੇ।

ਪਰ ਨਹੀਂ। ਮੇਰਾ ਤੇਰਾ ਕਰਨ ਵਾਲਿਆਂ ਦੇ ਵੱਸ ਤਾਂ ਕਦੀ ਉਸਨੇ ਆਪਣੇ ਜਿਸਮ ਨੂੰ ਵੀ ਨਹੀਂ ਸੀ ਪੈਣ ਦਿੱਤਾ। ਉਹ ਸਭਨਾਂ ਨੂੰ ਇੱਕੋ ਜਿਹਾ ਸੀ। ਉਹ ਗਿਲਿਆਂ ਸ਼ਿਕਵਿਆਂ ਦੀ ਤੁੱਛਤਾ ਜਾਣਦਾ ਸੀ। ਉਹ ਸਵਾਰਥ ਅਤੇ ਅੰਧਕਾਰ 'ਚੋਂ ਉਪਜੀ ਪਰੰਪਰਾ ਨੂੰ ਭਲੀ ਭਾਂਤ ਪਛਾਣਦਾ ਸੀ ਅਤੇ ਇਸਦਾ ਤਿਆਗ ਕਰਨ ਦੇ ਸਮਰੱਥ ਸੀ।

ਉਸ ਬਾਰੇ 'ਮੇਰਾ ਮੇਰਾ' ਕਰਨ ਵਾਲਿਆਂ ਦੇ ਹੱਥ ਉਦੋਂ ਵੀ ਕੁਝ ਨਹੀਂ ਸੀ ਆਇਆ। ਜਿਸਦੀ ਕਾਇਆ ਵੀ ਇਸ ਮੇਰ ਤੇਰ ਤੋਂ ਮੁਕਤ ਸੀ, ਉਸਦੇ ਸ਼ਬਦਾਂ ਨੂੰ ਕੈਦ ਕਰਕੇ ਜੱਫਾ ਕੌਣ ਮਾਰ ਸਕਦਾ ਹੈ ? ਉਹ ਉਸੇ ਨੂੰ ਰੌਸ਼ਨੀ ਦੇਣਗੇ, ਜਿਹੜਾ ਉਹਨਾਂ ਉਤੇ ਅਮਲ ਕਰੇਗਾ। ਉਹ ਆਪਣੇ ਸ਼ਬਦਾਂ ਦੀ ਵਸੀਅਤ ਆਪਣੇ ਰਵਾਇਤੀ ਪੁੱਤਰਾਂ ਦੇ ਨਾਂ ਕਰਨ ਦੀ ਬਜਾਏ ਆਪਣੇ ਵਿਚਾਰਧਾਰਕ ਪੈਰੋਕਾਰਾਂ ਦੇ ਨਾਂ ਕਰ ਗਿਆ ਹੈ।

ਅਤੇ ਦੱਸ ਗਿਆ ਹੈ ਕਿ ਉਸਦੀਆਂ ਗੱਲਾਂ ਉਤੇ ਅਮਲ ਕਰਨ ਵਾਲੇ ਹੀ ਉਸਦੇ ਆਪਣੇ ਹਨ।

ਪਰ ਰਾਤ ਤਾਂ ਵਾਰ-ਵਾਰ ਆਉਂਦੀ ਹੈ, ਸਾਨੂੰ ਸਵਾਉਣ। ਜਾਗਣ ਦੇ ਅਰਥ ਦੱਸਣ। ਸਾਨੂੰ ਪਰਖਣ।

ਸਭ ਆਪਣੇ ਆਪਣੇ ਬੱਚਿਆਂ ਨੂੰ ਜੱਫੀਆਂ ਪਾਈ, ਬਾਹਵਾਂ ਉੱਤੇ ਚੜ੍ਹਾਈ ਘੂਕ ਸੁੱਤੇ ਘੁਰਾੜੇ ਮਾਰ ਰਹੇ ਹਨ।

ਹਾਏ ਬੱਚੇ! ਕਿੰਨੇ ਪਿਆਰੇ ਲੱਗਦੇ ਹਨ! ਸਾਡਾ ਆਪਣਾ ਹੀ ਰੂਪ ਹਨ। ਜਿਵੇਂ ਅਸੀਂ ਸਭ ਫਿਰ ਨਿੱਕੇ ਜਿਹੇ ਹੋ ਗਏ ਹੋਈਏ। ਬਹੁਤ ਸਾਰੀਆਂ ਦਾਦੀਆਂ ਵੀ ਬੱਚੇ ਨਾਲ ਲਈ ਸੁੱਤੀਆਂ ਹਨ। ਅਸੀਸਾਂ ਨਾਲ ਭਰੀਆਂ ਹੋਈਆਂ..... "ਕਿ ਬੱਚਿਓ ਤੁਹਾਨੂੰ ਕਦੀ ਤੱਤੀ' ਵਾ ਨਾ ਲੱਗੇ।

ਪਰ ਇਕ ਦਾਦੀ ਆਪਣੇ ਸੱਤ ਸਾਲ ਅਤੇ ਨੌ ਸਾਲ ਦੇ ਪੋਤਰਿਆਂ ਨੂੰ ਠੰਡੀ ਯਖ਼ ਰਾਤ ਵਿਚ ਛਾਤੀ ਨਾਲ ਲਾਈ ਜਾਗ ਰਹੀ ਹੈ। ਬੱਚੇ ਵੀ ਜਾਗ ਰਹੇ ਹਨ। ਇਸ ਘੂਕ ਸੁੱਤੇ ਸੰਸਾਰ ਨੂੰ ਜਾਗਣ ਦਾ ਸੁਨੇਹਾ ਦੇਣ ਲਈ ਇਕ ਦਾਦੀ ਮਾਂ ਅਤੇ ਦੋ ਨਿੱਕੇ ਨਿੱਕੇ ਬੱਚੇ ਜਾਗ ਰਹੇ ਹਨ। ਸਰਹੰਦ ਦੇ ਠੰਡੇ ਬੁਰਜ ਵਿਚ ਕੈਦ।

ਇਹ ਦਾਦੀ ਉਹਨਾਂ ਨੂੰ 'ਤੱਤੀ' ਵਾ ਨਾ ਲੱਗੇ' ਦੀ ਅਸੀਸ ਦੇਣ ਵਾਲੀ ਨਹੀਂ। ਉਹ ਇਸ ਧਰਤੀ ਉਤੇ ਪੈਦਾ ਹੋਏ ਇਨਸਾਨਾਂ ਵਿਚ ਇਕੋ ਇੱਕ ਨਿਰਾਲੀ ਦਾਦੀ ਹੈ, ਜਿਹੜੀ ਨੰਨ੍ਹੇ ਮੁੰਨੇ ਪੋਤਰਿਆਂ ਦੇ ਸਿਰ ਪਲੋਸਦੀ ਹੋਈ ਕਹਿੰਦੀ ਹੈ ਕਿ 'ਬੱਚਿਓ ਜਦ ਤੁਹਾਨੂੰ ਝੁਲਸਾ ਦੇਣ ਵਾਲੀ ਤੱਤੀ 'ਵਾ ਲੱਗੇ, ਕਿਤੇ ਮਨੋ ਨਾ ਡੋਲ ਜਾਇਓ। ਉਦੋਂ ਆਪਣੇ ਦਾਦੇ ਦੇ ਦਾਦੇ ਦਾ ਧਿਆਨ ਕਰਿਓ, ਵੇਖੋ ਉਸਨੇ ਤੱਤੀ ਲੋਹ ਉਤੇ ਬੈਠਕੇ, ਸਿਰ ਵਿਚ ਤੱਤੀ ਰੇਤ ਪਵਾ ਕੇ ਅਤੇ ਉਬਲਦੀ ਦੇਗ ਵਿਚ ਬੈਠਕੇ ਵੀ ਮੂੰਹੋਂ ਹਾਏ ਨਹੀਂ ਸੀ ਕੀਤੀ। ਤੁਹਾਡੇ ਦਾਦੇ ਨੇ ਵੀ ਮਨੁੱਖਤਾ ਦੀ ਅਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਕ ਵਿ ਆਪ ਜਾ ਕੇ ਆਪਣਾ ਸੀਸ ਨਿਛਾਵਰ ਕਰ ਦਿੱਤਾ ਸੀ।

ਤੇ ਅਗਲੀ ਗੱਲ ਜਿਹੜੀ ਕਹਿਣੀ ਸੀ ਉਹ ਕੋਈ ਦਾਦੀ ਆਪਣੇ ਪੋਤਰਿਆਂ ਨੂੰ ਸ਼ਬਦਾਂ ਨਾਲ ਨਹੀਂ ਕਹਿ ਸਕਦੀ। ਪੋਤਰੇ ਖੁਦ ਵੀ ਸਮਝਦੇ ਸਨ। ਉਹ ਸਾਰੀ ਰਾਤ ਜਾਗਦੇ ਰਹੇ। ਉਹ ਤਾਂ ਧੁਰੋਂ ਹੀ ਜਾਗੇ ਸਨ। ਉਹਨਾਂ ਬੱਚਿਆਂ ਦੇ ਮਾਤਾ ਪਿਤਾ ਦੀ ਉਹ ਰਾਤ ਕੀ ਸੋਚਦਿਆਂ ਲੰਘੀ ਹੋਵੇਗੀ। ਉਸ ਅਭਾਗੀ ਰਾਤ ਦੇ ਬੀਤੇ ਇਕ ਇੱਕ ਪਲ ਨੂੰ ਬਿਆਨ ਕਰਨਾ ਕਿਸੇ ਲੇਖਕ ਜਾਂ ਕਲਮ ਦੇ ਵਸ ਨਹੀਂ। ਉਸਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਬਿਆਨ ਕਰਨਾ ਨਾਮੁਮਕਿਨ ਹੈ। ਬੱਚੇ ਹਕੂਮਤ ਨੇ ਨੀਹਾਂ ਵਿਚ ਚਿਣ ਦਿੱਤੇ। ਦਾਦੀ ਨੇ ਠੰਢੇ ਬੁਰਜ ਵਿਚ ਪ੍ਰਾਣ ਤਿਆਗ ਦਿੱਤੇ।

ਪਰ ਕਾਲੀ ਬੋਲੀ ਰਾਤ ਤਾਂ ਬਹੁਤ ਲੰਮੀ ਸੀ। ਜਵਾਨ ਪੁੱਤਰਾਂ ਦੇ ਮਾਪੇ ਹੁਸੀਨ ਸੁਪਨੇ ਲੈ ਰਹੇ ਸਨ ਕਿ ਮੁੰਡਾ ਸਿਹਰੇ ਲਾ ਕੇ ਘੋੜੀ ਚੜ੍ਹਿਆ ਹੈ। ਕੋਈ ਹੂਰ ਪਰੀ ਮਹਿੰਦੀ ਲਾ ਕੇ ਉਸ ਵਿਚ ਸਮਾ ਜਾਣ ਲਈ ਤਿਆਰੀ ਕਰੀ ਬੈਠੀ ਹੈ। ਘੋੜੀਆਂ ਗਾਈਆਂ ਜਾ ਰਹੀਆਂ ਹਨ। ਬਾਪ ਸੁੱਟ ਕਰ ਰਿਹਾ ਹੈ। ਜੀਕੂੰ ਕਿਤੇ ਸਾਰੀਆਂ ਖੁਸ਼ੀਆਂ ਆਪਣੇ ਆਪਣ ਰਸਤੇ ਭੁੱਲ ਕੇ ਉਹਨਾਂ ਦੇ ਘਰ ਆਣ ਵੜੀਆਂ ਹੋਣ।

ਪਰ ਇਸੇ ਰਾਤ ਵਿਚ ਇੱਕ ਦੀਵਾ ਚਮਕੌਰ ਦੀ ਗੜ੍ਹੀ ਵਿਚ ਬਲ ਰਿਹਾ ਹੈ। ਉਸਦੇ ਹੁੰਦਿਆਂ ਹਨੇਰੇ ਇਹ ਨਹੀਂ ਕਹਿ ਸਕਦੇ ਕਿ ਅਸੀਂ ਸਭ ਕੁਝ ਢੱਕ ਲਿਆ ਹੈ। ਚਾਨਣ ਬਖੇਰਨ ਵਾਲਿਆਂ ਨੂੰ ਆਪ ਸੜਨਾ ਪੈਂਦਾ ਹੈ। ਉਹ ਇਸ ਸੱਚ ਦਾ ਜਾਣੂ ਹੈ।

ਉਸਦੀ ਲੋਅ ਵਿਚ ਉਸਦੇ ਗੱਭਰੂ ਪੁੱਤ ਤਿਆਰ ਹੋ ਰਹੇ ਹਨ। ਉਹ ਉਹਨਾਂ ਦੀਆਂ ਪੁਸ਼ਾਕਾਂ ਅਤੇ ਸਰੀਰਾਂ ਉੱਤੇ ਅਤਰ ਫੁਲੇਲ ਨਹੀਂ ਛਿੜਕ ਰਿਹਾ, ਸਗੋਂ ਜ਼ਰ ਬਖ਼ਤਰ ਸਜਾ ਰਿਹਾ ਹੈ। ਪਗੜੀ ਉਤੇ ਸਿਹਰਾ ਨਹੀਂ ਸਗੋਂ ਤਲਵਾਰ ਦੇ ਵਾਰ ਨੂੰ ਰੋਕਣ ਲਈ ਚੱਕਰ ਪਾਏ ਜਾ ਰਹੇ ਹਨ। ਉਹ ਆਪਣੇ ਪੁੱਤਰਾਂ ਦੇ ਉਹਨਾਂ ਘੋੜਿਆਂ ਨੂੰ ਪਿਆਰਦਾ ਹੈ, ਜਿੰਨ੍ਹਾਂ ਬੇਜ਼ੁਬਾਨਾਂ ਨੇ ਅੱਜ ਉਸ ਸਾਕੇ ਦਾ ਵਾਹਨ ਬਣਨਾ ਹੈ ਜਿਹੜਾ ਕਿਸੇ ਨੇ ਇਸ ਤੋਂ ਪਹਿਲਾਂ ਕਦੀ ਵੇਖਿਆ ਸੁਣਿਆ ਨਹੀਂ। ਬਾਪ ਆਪਣੇ ਬੱਚਿਆਂ ਨੂੰ ਤਿਆਰ ਕਰਕੇ ਕਿਸੇ ਹੂਰ ਪਰੀ ਨੂੰ ਵਿਆਹੁਣ ਲਈ ਨਹੀਂ ਸਗੋਂ ਮੌਤ ਨੂੰ ਪਰਨਾਉਣ ਲਈ ਭੇਜ ਰਿਹਾ ਹੈ। ਕਿੰਨੇ ਕੁ ਬਾਪ ਹੋਏ ਹੋਣਗੇ ਧਰਤੀ ਉੱਤੇ, ਜਿਹਨਾਂ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਨੂੰ ਵੇਖਣ ਅਤੇ ਬਰਦਾਸ਼ਤ ਕਰਨ ਦਾ ਹੌਸਲਾ ਹੋਵੇਗਾ। ਦੋਵੇਂ ਪੁੱਤਰ ਵਾਰੀ-ਵਾਰੀ ਪਿਤਾ ਦੇ ਸਾਹਮਣੇ— ਯੁੱਧ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਏਹੋ ਜਿਹੀ ਔਲਾਦ ਅੱਜ ਤੱਕ ਕਿਸੇ ਨੂੰ ਨਸੀਬ ਨਹੀਂ ਹੋਈ। ਜੋ ਮਾਪਿਆਂ ਦੇ ਆਦਰਸ਼ਾਂ ਉਤੋਂ ਏਨੀ ਨਿੱਕੀ ਜਿਹੀ ਉਮਰੇ ਇਸ ਤਰ੍ਹਾਂ ਕੁਰਬਾਨ ਹੋ ਜਾਵੇ।

ਉਸਨੇ ਜਦ ਅਨੰਦਪੁਰ ਵਾਲਾ ਕੌਤਕ ਰਚਾਇਆ ਤਾਂ ਲੋਕਾਂ ਨੂੰ ਵਖਾਇਆ ਕਿ ਖ਼ਾਲਸਾ ਉਹ ਹੈ ਜਿਸ ਵਿਚਲਾ ਪਹਿਲਾ ਬੰਦਾ ਮਾਰ ਦਿੱਤਾ ਗਿਆ ਹੈ। ਉਸ ਵਿਚੋਂ ਭਿੰਨ ਭੇਦ ਦਾ ਪ੍ਰਤੀਕ ਸਭ ਕੁਝ ਮਿਟਾ ਕੇ ਨਵਾਂ ਮਨੁੱਖ ਸਿਰਜ ਦਿੱਤਾ ਗਿਆਆ ਹੈ। ਆਹ ਜੇ ਧਰਤੀ ਦਾ ਸ਼ੁੱਧ ਮਨੁੱਖ।

ਅੱਜ ਵੀ ਹਰ ਉਹ ਮਨੁੱਖ ਸਤਿਕਾਰਯੋਗ ਤੇ ਬੜਾ ਕੀਮਤੀ ਹੈ ਜੋ ਦਇਆ, ਨਿਰਮਾਣਤਾ, ਹਿੰਮਤ, ਮੁਹੱਬਤ ਅਤੇ ਧਰਮ ਦਾ ਸੁਮੇਲ ਹੋਵੇ। ਜੋ ਵਾਕਈ ਨਵਾਂ ਮਨੁੱਖ ਹੋਵੇ। ਸੰਸਾਰ ਵੱਲੋਂ ਦਿੱਤੇ ਆਪਣੇ ਪਹਿਲੇ ਅਤੀਤ ਨੂੰ ਤੰਬੂ ਵਿਚ ਸਿਰ ਉਤਾਰਨ ਵਾਂਗ ਲਾਹ ਕੇ ਸੁੱਟ ਆਉਣ ਵਾਲਾ ਸੰਸਾਰ ਨੂੰ ਚੰਗੇਰੀ ਦਿਸ਼ਾ ਨੂੰ ਬਦਲਣ ਵਾਲੇ ਅਜਿਹੇ ਮਨੁੱਖ ਹੀ ਹੁੰਦੇ ਹਨ। ਚੰਗੇ ਮਨੁੱਖ ਹੀ ਚੰਗੇ ਪ੍ਰਬੰਧਾਂ ਨੂੰ ਸਿਰਜ ਅਤੇ ਸੰਭਾਲ ਸਕਦੇ ਹਨ। ਕਿਸੇ ਵੀ ਵਧੀਆ ਪ੍ਰਬੰਧ ਨੂੰ ਸਿਰਜਣ ਦਾ ਸੁਪਨਾ ਲੈਣ ਦਾ ਅੰਤਿਮ ਉਦੇਸ਼ ਮਨੁੱਖ ਨੂੰ ਵਧੀਆ ਪਾਸੇ ਬਦਲਨਾ ਹੀ ਤਾਂ ਹੈ। ਜੇ ਮਨੁੱਖ ਨਾ ਬਦਲਿਆ ਤਾਂ ਸਮਝੋ ਕਿ ਬਦਲਿਆ ਹੋਇਆ ਕੁਝ ਵੀ ਕਾਇਮ ਨਹੀਂ ਰਹਿਣਾ।

ਸੋ ਵੇਖੋ ਕਿ ਇਹੋ ਜਿਹੇ ਅਤੀਤ ਦੀ ਲੋਅ ਵਿਚ ਫਿਰਦੇ ਵੀ ਅਸੀਂ ਇਸ ਤਰ੍ਹਾਂ ਠੇਡੇ ਖਾਂਦੇ ਫਿਰਦੇ ਹਾਂ ਜਿਵੇਂ ਸਾਡੇ ਕੋਲ ਇਸ ਨੂੰ ਵੇਖਣ ਪਰਖਣ ਵਾਲੀਆਂ ਅੱਖਾਂ ਹੀ ਨਾ ਹੋਣ।

ਹਾਂ, ਲੋਅ ਵਿਚ ਵੀ ਸੁਭ ਕੁਝ ਸਾਫ਼-ਸਾਫ਼ ਵਿਖਾਈ ਤਾਂ ਦੇਣ ਲੱਗ ਪੈਂਦਾ ਹੈ ਪਰ ਸਿਰਫ਼ ਅੱਖਾਂ ਵਾਲਿਆਂ ਨੂੰ ਵਖਾਈ ਦਿੰਦਾ ਹੈ। ਅੰਨ੍ਹਿਆਂ ਨੂੰ ਨਹੀਂ।

ਇਕੱਲਾ ਵਖਾਈ ਦੇਣ ਨਾਲ ਵੀ ਕੁਝ ਨਹੀਂ ਹੁੰਦਾ। ਉਸ ਵੇਖੇ ਨੂੰ ਸਮਝਣ ਵਾਲੀ ਅੱਖ ਵੀ ਚਾਹੀਦੀ ਹੈ। 'ਹੀਰਾ' ਹਰ ਅੱਖ ਨੂੰ ਵਖਾਈ ਦਿੰਦਾ ਹੈ ਪਰ ਉਹ ਗਿਆਨੀ, ਪਾਰਖੂ ਲਈ ਹੀ ਹੀਰਾ ਹੈ, ਦੂਜੇ ਲਈ ਤਾਂ ਸਿਰਫ਼ ਪੱਥਰ ਹੈ। ਵੇਖਣ ਦੇ ਨਾਲ ਨਾਲ ਸਮਝ ਹੋਵੇ, ਤਾਂ ਅਸਲੀਅਤ ਦੇ ਦਰਸ਼ਨ ਹੁੰਦੇ ਹਨ।

ਖਾਲੀ ਸਮਝ ਦਾ ਗਿਆਨ ਵੀ ਕੋਈ ਸਿੱਟੇ ਨਹੀਂ ਕੱਢਦਾ ਜਦ ਤਕ ਨਾਲ ਅਮਲ ਨਾ ਹੋਵੇ। ਗਿਆਨ ਸਿਰਫ਼ ਦਿਸ਼ਾ ਹੈ, ਮਾਰਗ ਹੈ.. ਮੰਜ਼ਿਲ ਨਹੀਂ। ਮੰਜ਼ਿਲ ਉਤੇ ਪਹੁੰਚਣ ਲਈ ਗਿਆਨ ਨੂੰ ਅਮਲ ਵਿਚ ਢਾਲਣਾ ਪੈਂਦਾ ਹੈ। ਅਮਲ ਬਿਨਾ ਗਿਆਨ ਸਿਰਫ਼ ਗੱਲਾਂ ਹਨ।

ਸਾਨੂੰ ਅਮਲਾਂ ਦੀ ਕਮੀ ਦੀ ਮਾਰ ਪਈ ਹੈ। ਵਕਤ ਨੇ ਸਾਨੂੰ ਬੜਾ ਕੁਝ ਦਿੱਤਾ। ਸੱਭਿਅਤਾ ਦੀ ਤਰੱਕੀ ਦੀ ਦਾਤ ਬਖ਼ਸ਼ੀ। ਪਰ ਸਾਨੂੰ ਦ੍ਰਿਸ਼ਟੀਹੀਣਤਾ ਦੀ ਬੜੀ ਮਾਰ ਪਈ ਹੈ। ਜਿਸ ਕਾਰਨ ਅਸੀਂ ਇਸ ਦੇ ਆਸਰੇ ਸੁਖ, ਸ਼ਾਂਤੀ ਚੰਗਿਆਈ, ਪਿਆਰ, ਮਨੁੱਖਤਾ, ਗਿਆਨ, ਸਹਿਜਤਾ, ਪਰਉਪਕਾਰੀ ਆਤਮਬਲ ਅਤੇ ਕੁਦਰਤ ਪ੍ਰਤੀ ਧੰਨਵਾਦੀ ਹੋਣ ਦੇ ਰਾਹ ਨਹੀਂ ਪੈ ਸਕਦੇ। ਸਗੋਂ ਕੀ ਹੈ ਕਿ ਜੀਹਦੇ ਕੋਲ ਧਨ ਦੌਲਤ ਆਈ ਉਹ ਲਾਲਚੀ ਅਤੇ ਹੰਕਾਰੀ ਹੋ ਗਿਆ। ਜੀਹਦੇ ਕੋਲ ਗਿਆਨ ਅਤੇ ਸ਼ਕਤੀ ਆਈ ਉਹ ਹਉਮੈਂ ਅਤੇ ਸਵਾਰਥ ਵਿਚ ਗ੍ਰਸਿਆ ਗਿਆ। ਜੀਹਨੂੰ ਰੂਪ ਮਿਲਿਆ ਉਹ ਹੋਰ ਵਿਭਚਾਰੀ ਹੋ ਗਿਆ। ਅਸਲ ਵਿਚ ਸਾਡੇ ਅੰਦਰ ਦਾਰਸ਼ਨਿਕ ਕੋਰੇਪਣ ਅਤੇ ਦ੍ਰਿਸ਼ਟੀਹੀਣਤਾ ਦਾ ਉਹ ਜ਼ਹਿਰ ਹੈ ਜੋ ਹਰ ਆਉਣ ਵਾਲੀ ਸ਼ੈਅ ਨੂੰ ਆਪਣੇ ਵਰਗਾ ਕਰੀ ਜਾਂਦਾ ਹੈ।

ਖ਼ੂਬਸੂਰਤ ਵਿਚਾਰਾਂ ਨੂੰ ਮਾਰ ਕੇ, ਢੱਕ ਦੇਣ ਲਈ ਇਕ ਦੀਵਾਰ ਸਰਹੰਦ ਵਿਚ ਚਿਣੀ ਗਈ ਸੀ ਵਿਰੋਧੀਆਂ ਵੱਲੋਂ। ਪਰ ਹੁਣ ਵਿਚਾਰਾਂ ਨੂੰ ਨੀਹਾਂ ਵਿਚ ਚਿਣਨ ਲਈ ਅਸੀਂ ਘਰ ਘਰ ਆਪ ਹੀ ਮਿਸਤਰੀ ਹਾਂ। ਆਪ ਹੀ ਜਲਾਦ ਹਾਂ। ਅਤੇ ਨੀਹਾਂ ਵਿਚ ਵੀ ਆਪ ਹੀ ਖੜ੍ਹੇ ਹਾਂ। ਸਾਡੇ ਲਈ ਹਾਅ ਦਾ ਨਾਹਰਾ ਹੁਣ ਕੌਣ ਮਾਰੂ ?

ਮੁਖੀ, ਪੰਜਾਬੀ ਵਿਭਾਗ
ਸਰਕਾਰੀ ਕਾਲਜ ਤਲਵਾੜਾ
ਜ਼ਿਲ੍ਹਾ ਹੁਸ਼ਿਆਰਪੁਰ

ਉੱਘੇ ਸਿੱਖਿਆ ਸ਼ਾਸਤਰੀ ਜੋਸ਼ੀ ਦਾ ਦੇਹਾਂਤ

ਚੰਡੀਗੜ੍ਹ, ੨ ਦਸੰਬਰ-ਉਘੇ ਸਿੱਖਿਆ ਸ਼ਾਸਤਰੀ ਅਤੇ ਭਾਸ਼ਾ ਦੇ ਮਾਹਿਰ ਡਾ. ਐਸ ਐਸ ਜੋਸ਼ੀ ਦਾ ਅੱਜ ਸਥਾਨਿਕ ਫੋਰਟਿਸ ਹਸਪਤਾਲ ਵਿਚ ਦੇਹਾਂਤ ਹੋ ਗਿਆ। ਡਾ. ਜੋਸ਼ੀ ਦਾ ੨੯ ਨਵੰਬਰ ਨੂੰ ਐਕੀਸਡੈਂਟ ਹੋਇਆ ਸੀ ਅਤੇ ਉਹ ਅੱਜ ਸਵੇਰੇ ਜ਼ਖਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਏ। ਸਾਬਕਾ ਪ੍ਰੋਫੈਸਰ ਅਤੇ ਐਂਥਰੋਪੋਲੋਜੀਕਲ ਲਿੰਗੁਇਸਟਿਕ ਵਿਭਾਗ ਦੇ ਮੁਖੀ ਅਤੇ ਲੈਕਸੀਕੋਰਾਗ੍ਰਾਫੀ ਵਿਭਾਗ ਦੇ ਮੁਖੀ ਡਾਕਟਰ ਜੋਸ਼ੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਵੱਖ ਵੱਖ ਆਹੁਦਿਆਂ 'ਤੇ ਰਹੇ। ਉਨ੍ਹਾਂ ਨੇ ਡੀਨ ਲੈਂਗੁਵੇਜ਼ ਫਕੈਲਟੀ, ਡਾਇਰੈਕਟਰ ਪਲੈਨਿੰਗ, ਡਾਇਰੈਕਟਰ ਆਡੀਓ ਵਿਜ਼ੂਅਲ ਰਿਸਰਚ ਸੈਂਟਰ ਅਤੇ ਸਿੰਡੀਕੇਟ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ।

ਪੰਜਾਬ ਦੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਡਾ. ਐਸ. ਐਸ. ਜੋਸ਼ੀ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜਾ. ਜੋਸ਼ੀ ਦੀ ਮੌਤ ਨਾਲ ਪੰਜਾਬ ਨੇ ਇਕ ਕਾਬਲ ਅਧਿਆਪਕ ਅਤੇ ਵੱਖ ਵੱਖ ਗੁਣਾ ਵਾਲੀ ਸ਼ਖਸੀਅਤ ਅਤੇ ਇਕ ਬੇਹਤਰੀਨ ਸਕਾਲਰ ਨੂੰ ਖੋਹ ਦਿੱਤਾ ਹੈ।

ਡਾ. ਜੋਸ਼ੀ ਬੀ ਬੀ ਸੀ ਲੰਡਨ ਨਾਲ ਵੀ ਸੰਬੰਧਿਤ ਰਹੇ ਅਤੇ ਉਹ ਲਾਲ ਬਹਾਦਰ ਸ਼ਾਸਤਰੀ ਅਕੈਡਮੀ ਮਸੂਰੀ, ਉਸਮਾਨੀਆ ਯੂਨੀਵਰਸਿਟੀ ਹੈਦਾਰਬਾਦ, ਜੇ ਐਨ ਯੂ ਦਿੱਲੀ, ਸੈਂਟਰਲ ਯੂਨੀਵਰਟੀ ਆਫ ਇੰਗਲਸ਼ ਐਂਡ ਫੋਰਨ ਲੈਂਗੂਵੇਜਜ਼ ਹੈਦਰਾਬਾਦ ਦੇ ਵੀ ਵਿਜ਼ਿਟਿੰਗ ਫਕੈਲਟੀ ਮੈਂਬਰ ਸਨ। ਉਹ ਆਪਣੀ ਪਤਨੀ ਅਤੇ ਦੋ ਪੁੱਤਰਾਂ ਨੂੰ ਛੱਡ ਗਏ ਹਨ।

ਖ਼ਬਰਨਾਮਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੮੮ਵੇਂ ਪਰਕਾਸ਼ ਪੁਰਬ ਦੇ ਮੌਕੇ ਤੇ, ਨਾਮਧਾਰੀ ਲਹਿਰ ਤੇ ਵਿਚਾਰ ਚਰਚਾ ਅਤੇ ਕਵੀ-ਗੋਸ਼ਟੀ

ਸ੍ਰੀ ਜੀਵਨ ਨਗਰ- ੨੯ ਨਵੰਬਰ ੦੭- ਇਥੇ ਸਥਿਤ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੇ ਅੰਗਣੇ ਵਿਚ, ਕਾਲਜ ਪ੍ਰਬੰਧਕ ਕਮੇਟੀ ਅਤੇ ਸਟਾਫ ਵਲੋਂ ਵਿਦਿਆਰਥੀਆਂ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ, ਨਾਮਧਾਰੀ ਅੰਦੋਲਨ ਦੇ ੧੫੦ ਸਾਲਾਂ ਨੂੰ ਸਮਰਪਿਤ "ਨਾਮਧਾਰੀ ਅੰਦੋਲਨ ਅਤੇ ਆਜ਼ਾਦੀ ਸੰਗਰਾਮ" ਵਿਸ਼ੇ ਤੇ ਇਕ ਸੈਮੀਨਾਰ ਅਤੇ ਕਵੀ ਗੋਸ਼ਟੀ ਕਰ ਕੇ, ਪਹਿਰੇ ਦੇ ਮਾਲਕ ਹਾਜ਼ਰਾ ਹਜ਼ੂਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ੮੮ਵਾਂ ਪਰਕਾਸ਼ ਪੁਰਬ ਬੜੀ ਧੂਮ-ਧਾਮ ਅਤੇ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਸ੍ਰੀ ਜੀਵਨ ਨਗਰ ਅਤੇ ਇਲਾਕੇ ਵਿਚ ਸ੍ਰੀ ਸਤਿਗੁਰੂ ਜੀ ਦੇ ਚਿਤਰ ਵਾਲੇ ਹੋਰਡਿੰਗ ਬਹੁਤ ਸਾਰੀਆਂ ਥਾਂਵਾਂ ਤੇ ਜੀਵਨ ਨਗਰ ਕਾਲਜ ਵਲੋਂ ਲਾਏ ਗਏ ਸਨ। ਇਸ ਅਵਸਰ ਤੇ ਕਵੀ ਗੋਸ਼ਟੀ ਵਿਚ ਪੰਜਾਬੀ ਕਵਿਤਾ ਦੇ ਉਘੇ ਹਸਤਾਖਰ ਡਾ. ਸੁਰਜੀਤ ਪਾਤਰ, ਬੀਬੀ ਸੁਖਵਿੰਦਰ ਅੰਮ੍ਰਿਤ ਅਤੇ ਚਮਨ ਹਰਗੋਬਿੰਦਪੁਰੀ ਤੇ ਉਹਨਾਂ ਦੇ ਸ਼ਾਗਿਰਦ ਨਿਰਮਲ ਸਿੰਘ ਧਾਲੀਵਾਲ ਨੇ ਚੰਗਾ ਰੰਗ ਬੰਨਿਆ। ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਉਘੇ ਰੁਕਨ ਕਵੀ ਜੋਗਿੰਦਰ ਸਿੰਘ ਮੁਕਤਾ ਦੇ ਇਕ ਗੀਤ ਅਤੇ ਨਾਮਧਾਰੀ ਬੱਚੀਆਂ ਦੇ ਕੀਰਤਨੀ ਜਥੇ ਨੇ ਵੀ ਚੰਗੀ ਦਾਦ ਖੱਟੀ। ਕਵੀ ਪਾਤਰ ਦੀ ਰਚਨਾ- "ਹਨੇਰੇ ਨੇ ਸਮਝਿਆ ਕਿ ਚਾਨਣ ਡਰ ਗਿਆ ਹੈ- ਰਾਤ ਨੇ ਸੋਚਿਆ ਕਿ ਸੂਰਜ ਮਰ ਗਿਆ ਹੈ" ਅਤੇ ਸੁਖਵਿੰਦਰ ਅੰਮ੍ਰਿਤ ਦੀ ਰਚਨਾ- "ਫੁਲ ਵਰਗੀ ਕੁੜੀਏ- ਨੀ ਤਿਲਤਿਲ ਮਰਦੀਏ ਕੁੜੀਏ-ਮੈਂ ਕਿਸ ਨੂੰ ਆਪਣਾ ਆਖਾਂ- ਕੌਣ ਹੈ ਆਪਣਾ ਏਥੇ। ਕੱਲ ਪੇਕੇ ਪਰਾਈ ਥਾਂ, ਅੱਜ ਸਹੁਰੇ ਪਰਾਈ ਹਾਂ"। ਨੇ ਵਾਹਵਾ ਦਾਦ ਲਈ।

ਸੈਮੀਨਾਰ ਦੀ ਪ੍ਰਧਾਨਗੀ ਹਰਿਆਣਾ ਵਿਚ ਪੰਜਾਬੀ ਦੇ ਉਘੇ ਅਲੋਚਕ ਡਾ. ਅਮਰਜੀਤ ਸਿੰਘ ਕਾਂਗ ਨੇ ਕਰਦਿਆਂ ਕਿਹਾ ਕਿ ਸਾਡਾ ਸੱਭਿਆਚਾਰ ਸੰਕਟ ਵਿਚ ਹੈ ਅਤੇ ਅਸੀਂ ਫਿਰ ਗੁਲਾਮੀ ਵੱਲ ਵਧ ਰਹੇ ਹਾਂ। ਉਹਨਾਂ ਨੇ ਹਾਜ਼ਰ ਲੋਕਾਂ ਨੂੰ ਸ਼ਹੀਦਾਂ ਦੁਆਰਾ ਦੱਸੇ ਮਾਰਗ ਤੇ ਚਲਣ ਤੇ ਉਹਨਾਂ ਦੇ ਸੁਪਨੇ ਸਾਕਾਰ ਕਰਨ ਦਾ ਸੱਦਾ ਦਿੱਤਾ। ਸੈਮੀਨਾਰ ਦੇ ਮੁੱਖ ਬੁਲਾਰੇ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਭਾਵ ਪੂਰਨ ਸ਼ਬਦਾਂ ਵਿਚ ਪਹਿਲੇ ਸੁਤੰਤਰਤਾ ਸੰਗਰਾਮ ੧੮੫੭ ਦੇ ਸਿਪਾਹੀ ਵਿਦਰੋਹ, ਕੂਕਾ ਅੰਦੋਲਨ ਦੇ ੧੫੦ ਸਾਲ ਅਤੇ ਸ਼ਹੀਦੇ-ਆਜ਼ਮ ਭਗਤ ਸਿੰਘ ਤੇ ਸੁਖਦੇਵ ਦੀਆਂ ਜਨਮ ਸ਼ਤਾਬਦੀਆਂ ਅਤੇ 'ਪੱਗੜੀ ਸੰਭਾਲ ਜੱਟਾ ਲਹਿਰ' ਦੀ ਵੀ ਸ਼ਤਾਬਦੀ ਦੀ ਚਰਚਾ ਕਰਦਿਆਂ ਕਿਹਾ ਇਹ ਸਭ ਘਟਨਾਵਾਂ ਇਕ ਦੂਸਰੀ ਨਾਲ ਅੰਤਰ ਸਬੰਧਿਤ ਹਨ। ਇਹਨਾਂ ਦੀਆਂ ਕਾਰਜਵਿਧੀਆਂ ਅਤੇ ਸੰਦੇਸ਼ ਵੀ ਕਾਫੀ ਹੱਦ ਤੱਕ ਮਿਲਦੇ ਜੁਲਦੇ ਹਨ। ਉਹਨਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਪ੍ਰਮੁੱਖ ਸੂਬਾ ਬ੍ਰਹਮਾ ਸਿੰਘ ੧੮੫੭ ਦੇ ਸੈਨਿਕ ਵਿਦਰੋਹ ਵਿਚ ਭਾਗ ਲੈ ਚੁੱਕਾ ਸੀ ਅਤੇ ਸੂਬਾ ਲੱਖਾ ਸਿੰਘ ਦੇ ਵੀ ਇਸ ਅੰਦੋਲਨ ਨਾਲ ਜੁੜੇ ਹੋਏ ਦੇ ਆਸਾਰ ਨਜ਼ਰ ਆਉਂਦੇ ਹਨ। ਸਤਿਗੁਰੂ ਰਾਮ ਸਿੰਘ ਇਕ ਸਾਬਕਾ ਸੈਨਿਕ, ਦਸਤਕਾਰ, ਕਿਸਾਨ ਅਤੇ ਛੋਟੇ ਬਿਉਪਾਰੀ ਵੀ ਰਹਿ ਚੁੱਕੇ ਸਨ ਇਸ ਲਈ ਉਹ ਬਰਤਾਨਵੀ ਬਸਤੀਵਾਦੀਆਂ ਦੀਆਂ ਉਪਰੋਕਤ ਵਰਗਾਂ ਲਈ ਤਬਾਹ ਕਰੂ ਨੀਤੀਆਂ ਦੇ ਭੁਗਤ ਭੋਗੀ ਸਨ। ਨਾਮਧਾਰੀਆਂ ਜਾਂ ਕੂਕੇ ਸਿੰਘਾਂ ਵਲੋਂ ਅੰਗਰੇਜ਼ੀ ਮਾਲ ਅਤੇ ਸੰਸਥਾਵਾਂ ਦੇ ਬਾਈਕਾਟ ਨੂੰ, ਸ਼ਹੀਦ ਭਗਤ ਸਿੰਘ ਗਾਂਧੀ ਜੀ ਦੀ ਅਗੁਆਈ ਵਿਚ ਕਾਂਗਰਸ ਵੱਲੋਂ ਚਲਾਏ ਅਸਹਿਯੋਗ ਅੰਦੋਲਨ ਨਾਲੋਂ ਕੁਝ ਦਰਜੇ ਉਪਰ ਹੀ ਸਮਝਦੇ ਸਨ। ਨਾਮਧਾਰੀ ਤਾਂ ਅੰਗਰੇਜ਼ਾਂ ਦੁਆਰਾ ਚਲਾਈ ਰੇਲ ਤੇ ਨਹੀਂ ਸਨ ਚੜ੍ਹਦੇ ਅਤੇ ਨਾ ਹੀ ਉਹਨਾਂ ਦੀ ਡਾਕ-ਤਾਰ ਦੀ ਵਰਤੋਂ ਕਰਦੇ ਸਨ।

ਕਾਮਰੇਡ ਵਿਰਕ ਨੇ ਕਿਹਾ ਕਿ ਸਤਿਗੁਰੂ ਜੀ ਨੇ ਕਸ਼ਮੀਰ ਵਿਚ ਕੂਕਾ ਰੈਜੀਮੈਂਟ ਦੀ ਸਥਾਪਨਾ ਕਰਵਾ ਕੇ, ਨਾਮਧਾਰੀਆਂ ਵਲੋਂ ਹਥਿਆਰਬੰਦ ਅੰਦੋਲਨ ਦੀ ਲੋੜ ਵੀ ਪਰਤੱਖ ਕਰ ਦਿੱਤੀ। ਵੈਸੇ ਵੀ ਸਿੱਖ ਰਾਜ ਸਮੇਂ ਦੇ ਬਹੁਤ ਸਾਰੇ ਪੂਰਵ ਸੈਨਿਕ ਆਪ ਦੇ ਸੰਗੀ ਸਾਥੀ ਸਨ। ਇਹ ਜਾਣਦਿਆਂ ਕਿ ਕੋਈ ਵੀ ਹਥਿਆਰਬੰਦ ਬਗਾਵਤ, ਵਿਦੇਸ਼ੀ ਸੈਨਿਕ ਮੱਦਦ ਬਿਨਾਂ ਸੰਭਵ ਨਹੀਂ ਹੋ ਸਕਦੀ ਉਹਨਾਂ ਨੇ ਰੂਸ, ਅਫਗਾਨਿਸਤਾਨ, ਨੈਪਾਲ ਅਦਿ ਗੁਆਂਢੀ ਦੇਸ਼ਾਂ ਅਤੇ ਹੈਦਰਾਬਾਦ, ਗਵਾਲੀਅਰ, ਬਨਾਰਸ, ਲਖਨਊ, ਜੰਮੂ ਕਸ਼ਮੀਰ, ਭੂਟਾਨ ਆਦਿ ਰਿਆਸਤਾਂ ਨਾਲ ਭੀ ਸੰਪਰਕ ਸਾਧਣੇ ਸ਼ੁਰੂ ਕੀਤੇ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਬਾਦ ਗੁਰੂ ਹਰੀ ਸਿੰਘ ਦੁਆਰਾ ਗੱਦੀ ਸੰਭਾਲਣ ਤੋਂ ਬਾਅਦ, ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਯੋਗਦਾਨ ਜਾਰੀ ਰਿਹਾ। ਗੁਰੂ ਹਰੀ ਸਿੰਘ ਜੀ ਦੇ ਸਮੇਂ, ਮਹਾਰਾਜ ਦਲੀਪ ਸਿੰਘ ਅੰਤਿਮ ਸਿੱਖ ਮਹਾਰਾਜਾ ਰੂਸ ਵਿਚ ਆਇਆ ਤਾਂ ਰੂਸ-ਕੂਕੇ-ਦਲੀਪ ਸਿੰਘ ਤਿਕੋਣ ਬਣਦੀ ਨਜ਼ਰ ਆਉਂਦੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗੁਆਈ ਵਿਚ ਨਾਮਧਾਰੀਆਂ ਨੇ ਕਾਂਗਰਸ, ਗਦਰ ਲਹਿਰ, ਅਕਾਲੀ, ਬੱਬਰ ਅਕਾਲੀ, ਕਿਰਤੀ ਕਿਸਾਨ ਕਮਿਊਨਿਸਟ, ਪਰਜਾ ਮੰਡਲ ਸਭ ਰੰਗਾਂ ਦੀਆਂ ਸਾਮਰਾਜ ਵਿਰੋਧੀ ਲਹਿਰਾਂ ਨਾਲ ਮਿਲਵਰਤਣ ਜਾਰੀ ਰੱਖਿਆ।

ਇਸੇ ਸਾਮਰਾਜ ਵਿਰੋਧੀ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਸਾਰ ਅਮਨ ਤਹਿਰੀਕ ਨੂੰ ਭਰਪੂਰ ਯੋਗਦਾਨ ਦਿੱਤਾ।

ਇਸ ਸਮੇਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੁਖਦੇਵ ਸਿੰਘ ਸੰਧੂ, ਸਿਖਿਆ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ 'ਚੇਅਰਮੈਨ', ਕਾਰਜਕਾਰੀ ਪ੍ਰਿੰਸੀਪਲ ਸ. ਬੂਟਾ ਸਿੰਘ ਵਿਰਕ ਨੇ ਵੀ ਉਪਰੋਕਤ ਮਸਲਿਆਂ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿਚ ਸੰਤ ਅਵਤਾਰ ਸਿੰਘ ਮੋਹਾਲੀ, ਕਾਮਰੇਡ ਜਸਵੰਤ ਸਿੰਘ ਜੋਸ਼, ਮਾਸਟਰ ਸੰਪੂਰਨ ਸਿੰਘ ਰਾਣੀਆਂ, ਮਲਕੀਤ ਸਿੰਘ ਖੋਸਾ ਐਲਨਾਬਾਦ, ਸਰਦੂਲ ਸਿੰਘ ਉਪਲ ਕੋਟਲੀ, ਸਰਦੂਲ ਸਿੰਘ ਰੰਧਾਵਾ, ਕੁਲਦੀਪ ਸਿੰਘ ਢਿਲੋਂ, ਸ੍ਰ. ਮਹਿੰਦਰ ਸਿੰਘ ਬੱਲ, ਸ. ਦਲਜੀਤ ਸਿੰਘ ਬੱਲ, ਮਾਸਟਰ ਅਮਰੀਕ ਸਿੰਘ, ਸ. ਸੁਖਦੇਵ ਸਿੰਘ ਟਿੱਬੇਵਾਲਾ ਆਦਿ ਸਹਿਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ। ਪ੍ਰੋਗਰਾਮ ਦਾ ਮੰਚ ਸੰਚਾਲਨ ਕਾਮਰੇਡ ਨਰਬਿੰਦਰ ਸਿੰਘ ਨੇ ਕੀਤਾ।

ਸ. ਸੁਖਦੇਵ ਸਿੰਘ ਜੀ ਸੰਧੂ ਇੰਦਰਾ ਗਾਂਧੀ ਸਦਭਾਵਨਾ ਅਵਾਰਡ ਨਾਲ ਸਨਮਾਨਤ

ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ (ਸਰਸਾ) ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੁਖਦੇਵ ਸਿੰਘ ਜੀ ਸੰਧੂ ਨੂੰ ਪਿਛਲੇ ਦਿਨੀਂ ਕੇਂਦਰੀ ਯੋਜਨਾ ਰਾਜ ਮੰਤਰੀ ਐਮ. ਵੀ. ਰਾਂਜਾ ਸ਼ੇਖਰਨ ਦੁਆਰਾ ਇੰਦਰਾ ਗਾਂਧੀ ਦੇ ਜਨਮ ਦਿਨ ਦੀ ੮੭ਵੀਂ ਵਰ੍ਹੇ-ਗੰਢ ਦੇ ਮੌਕੇ 'ਤੇ ਇੰਦਰਾ ਗਾਂਧੀ ਸਦਭਾਵਨਾ ਅਵਾਰਡ ਨਾਲ ਨਿਵਾਜਿਆ ਗਿਆ। ਇਹ ਅਵਾਰਡ ਰਾਸ਼ਟਰੀ ਏਕਤਾ ਅਤੇ ਆਰਥਿਕ ਪਰੀਸ਼ਦ ਦੁਆਰਾ ਦਿੱਤਾ ਗਿਆ। ਸੰਧੂ ਸਾਹਿਬ ਨੂੰ ਇਹ ਅਵਾਰਡ ਰਾਸ਼ਟਰੀ ਏਕਤਾ ਅਤੇ ਸੰਪਰਦਾਇਕ ਸਦਭਾਵਨਾ ਨੂੰ ਪ੍ਰਫੁਲਤ ਕਰਨ ਵਾਲੇ ਸਮਾਗਮਾਂ ਦੇ ਆਯੋਜਨ ਲਈ ਦਿੱਤਾ ਗਿਆ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਹੁਦੇ 'ਤੇ ਸੁਸ਼ੋਭਤ ਰਹਿੰਦਿਆਂ ਅਤੇ ਇਸ ਤੋਂ ਪਹਿਲਾਂ ਵੀ ਉਹਨਾਂ ਨੇ ਦਾਜ ਦੀ ਲਾਹਨਤ ਨੂੰ ਖਤਮ ਕਰਨ, ਮਹਿਲਾ ਸ਼ਸ਼ਕਤੀ ਕਰਨ ਅਤੇ ਏਡਜ਼ ਦੇ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਬੜਾ ਯੋਗਦਾਨ ਪਾਇਆ ਹੈ।

ਸ. ਸੁਖਦੇਵ ਸਿੰਘ ਜੀ ਸੰਧੂ ਨੇ ਇਸ ਮੌਕੇ ਦੱਸਿਆ ਕਿ ਕਾਲਜ ਪ੍ਰਬੰਧਕ ਕਮੇਟੀ ਹਰੇਕ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਉੱਤੇ ਸੈਮੀਨਾਰ, ਕਵੀ-ਗੋਸ਼ਟੀ, ਭਾਸ਼ਣ-ਪ੍ਰਤਿਯੋਗਤਾ ਆਦਿ ਸਮਾਗਮਾਂ ਦਾ ਆਯੋਜਨ ਕਰਦੀ ਹੈ। ਇਸ ਤੋਂ ਇਲਾਵਾ ਉਹਨਾਂ ਦਸਿਆ ਕਿ ਇਸ ਸਾਲ ਨਾਮਧਾਰੀ ਲਹਿਰ ਦਾ ੧੫੦ ਸਾਲਾ ਸਮਾਰੋਹ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿਚ ਹਰਿਆਣਾ ਅਤੇ ਪੰਜਾਬ ਦੇ ਉੱਘੇ ਚਿੰਤਕਾਂ ਨੇ ਸ਼ਿਰਕਤ ਕੀਤੀ। ਸਿੱਖਿਆ ਨੂੰ ਗਰੀਬਾਂ ਤੱਕ ਪਹੁੰਚਾਉਣ ਲਈ ਕਾਲਜ ਦੀ ਪ੍ਰਬੰਧਕ ਕਮੇਟੀ ਗਰੀਬ ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਅਤੇ ਫ਼ੀਸ ਆਦਿ ਮੁਹਈਆ ਕਰਦੀ ਹੈ। ਇਸ ਦੇ ਨਾਲ ਨਾਲ ਨਸ਼ਾ-ਮੁਕਤੀ ਉੱਤੇ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ।

ਸ਼ਾਸਤਰੀ ਹਾਕੀ ਟੂਰਨਾਮੈਂਟ ਵੀ ਨਾਮਧਾਰੀ ਟੀਮ ਨੇ ਜਿਤਿਆ

ਪਲੇਅਰ ਆਫ਼ ਦਾ ਟੂਰਨਾਮੈਂਟ ਐਵਾਰਡ ਵੀ

ਦਿੱਲੀ : ਦਿੱਲੀ ਦੇ ਸ਼ਿਵਾਜੀ ਸਟੇਡੀਅਮ ਵਿਖੇ ਖੇਡੇ ਗਏ ੧੮ਵੇਂ ਲਾਲ ਬਹਾਦੁਰ ਸ਼ਾਸ਼ਤਰੀ ਹਾਕੀ ਟੂਰਨਾਮੈਂਟ 'ਚ ਨਾਮਧਾਰੀ ਟੀਮ ਚੈਂਪੀਅਨ ਬਣੀ। ਇਸ ਤੋਂ ਪਹਿਲਾਂ ਨਾਮਧਾਰੀ ਹਾਕੀ ਟੀਮ ਨੇ ੧੯੯੨ ਵਿਚ ਇਸ ਕੱਪ ਤੇ ਕਬਜ਼ਾ ਕੀਤਾ ਸੀ ਤੇ ੧੯੯੩ ਵਿਚ ਉਪ ਜੇਤੂ ਰਹੀ। ੧੪ ਸਾਲਾਂ ਬਾਅਦ, ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਸਦਕਾ ਨਾਮਧਾਰੀ ਟੀਮ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਇਸ ਟੂਰਨਾਮੈਂਟ ਨੂੰ ਜਿੱਤ ਲਿਆ।

ਭਾਰਤ ਦੀਆਂ ਪ੍ਰਮੁੱਖ ੮ ਟੀਮਾਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ। ਪੂਲ "ਬੀ" ਦੇ ਆਪਣੇ ਪਹਿਲੇ ਮੈਚ ਵਿਚ, ਏਅਰ ਇੰਡੀਆ ਟੀਮ ਹੱਥੋਂ ੩-੨ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਆਪਣੇ ਪੂਲ 'ਚੋਂ ਦੂਸਰਾ ਮੈਚ ਖੇਡਦੇ ਹੋਏ ਨਾਮਧਾਰੀ ਟੀਮ ਨੇ ਪਿਛਲੇ ਸਾਲ ਦੀ ਚੈਂਪੀਅਨ ਇੰਡੀਅਨ ਆਇਲ ਨੂੰ ੩-੦ ਦੇ ਸਕੋਰ ਨਾਲ ਹਰਾ ਕੇ, ਟੂਰਨਾਮੈਂਟ 'ਚ ਆਪਣਾ ਦਬਦੱਬਾ ਕਾਇਮ ਰੱਖਿਆ। ਤੀਜੇ ਮੈਚ ਵਿਚ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸਾਊਥ ਸੈਂਟਰਲ ਰੇਲਵੇ ਨੂੰ ੪-੨ ਦੇ ਅੰਤਰ ਨਾਲ ਹਰਾ ਕੇ ਸੈਮੀਫਾਇਨਲ 'ਚ ਆਪਣੀ ਜਗ੍ਹਾ ਪੱਕੀ ਕੀਤੀ।

ਸੈਮੀਫਾਇਨਲ ਦਾ ਮੁਕਾਬਲੇ ਪਿਛਲੇ ਸਾਲ ਦੀ ਉਪ-ਜੇਤੂ ਭਾਰਤ ਪੈਟਰੋਲੀਅਮ ਨਾਲ ਹੋਇਆ। ਫ਼ੁੱਲ ਟਾਈਮ ਤੱਕ ਕੋਈ ਵੀ ਸਕੋਰ ਨਾ ਹੋਣ ਕਾਰਣ, ਫੈਸਲਾ ਪੈਨਲਟੀ ਸਟੋਰਕਾਂ ਰਾਹੀਂ ਹੋਇਆ, ਜਿਸ ਵਿਚ ਨਾਮਧਾਰੀ ਟੀਮ ਨੇ ੩-੧ ਨਾਲ ਜਿੱਤ ਪ੍ਰਾਪਤ ਕੀਤੀ।

ਫਾਇਨਲ 'ਚ ਮੁਕਾਬਲਾ ਪੰਜਾਬ ਨੈਸ਼ਨਲ ਬੈਂਕ ਨਾਲ ਰਿਹਾ। ਫ਼ੁੱਲ ਟਾਈਮ ਤੱਕ ਦੋਵੇਂ ਟੀਮਾਂ ੧-੧ ਦੇ ਸਕੋਰ ਨਾਲ ਬਰਾਬਰ ਰਹੀਆਂ। ਫੈਸਲਾ ਫਿਰ ਸਟਰੋਕਾਂ ਰਾਹੀਂ ਹੋਇਆ ਤੇ ਨਾਮਧਾਰੀ ਟੀਮ ਨੇ ੩-੨ ਨਾਲ ਜਿੱਤ ਹਾਸਲ ਕਰਕੇ ਟਰਾਫੀ ਦੇ ਕਬਜ਼ਾ ਕੀਤਾ। ਨਾਮਧਾਰੀ ਟੀਮ ਨੇ ਮੈਚ ਜਿੱਤਣ ਉਪਰੰਤ ਸਟੇਡੀਅਮ ਵਿਚ ਅਰਦਾਸ ਕਰਕੇ ਸ੍ਰੀ ਸਤਿਗੁਰੂ ਜੀ ਦਾ

ਧੰਨਵਾਦ ਕੀਤਾ। ਆਪ ਜੀ ਇਸੇ ਤਰ੍ਹਾਂ ਟੀਮ ਤੇ ਬਖਸ਼ਸ਼ ਕਰਦੇ ਰਹਿਣ। ਪਲੇਅਰ ਆਫ ਦਾ ਟੂਰਨਾਮੈਂਟ ਦਾ ਐਵਾਰਡ ਵੀ ਨਾਮਧਾਰੀ ਟੀਮ ਦੇ ਗੋਲਕੀਪਰ ਹਰਜਿੰਦਰ ਸਿੰਘ ਨੂੰ ਪ੍ਰਾਪਤ ਹੋਇਆ। ਇਸ ਟੂਰਨਾਮੈਂਟ 'ਚ ਦਿੱਲੀ ਦੇ ਕੁਛ ਦਰਸ਼ਕਾਂ ਨੇ ਹਾਕੀ ਫੈਨਜ਼ ਕਲੱਬ ਦਿੱਲੀ ਬਣਾਈ ਹੈ। ਇਸ ਕਲੱਬ ਵੱਲੋਂ ਇਨਾਮੀ ਰਾਸ਼ੀ ਸਰਬੋਤਮ ਖਿਡਾਰੀ ਨੂੰ ਦਿੱਤੀ ਗਈ।

—ਰਾਜਾ ਨਾਮਧਾਰੀ

ਲਾਇਲਪੁਰੀ ਪਰਵਾਰ ਨੂੰ ਭਾਰੀ ਸਦਮਾ



ਨਾਮਧਾਰੀ ਸਮਾਜ ਅਤੇ ਸਾਹਿਤਕ ਖੇਤਰ ਵਿਚ ਚੰਗੀ ਥਾਂ ਰੱਖਣ ਵਾਲੇ ਲਾਇਲਪੁਰੀ ਪਰਵਾਰ ਦਾ ਮੈਂਬਰ ਸ੍. ਪਰਮਜੀਤ ਸਿੰਘ ੪੨ ਸਾਲ ਦੀ ਅਲਪ ਆਯੂ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜਿਆ। ਸ੍. ਪਰਮਜੀਤ ਸਿੰਘ ਸ੍ਰੀ ਐਸ. ਐਸ. ਮਨਧੀਰ ਦਾ ਤੀਸਰੇ ਨੰਬਰ ਦਾ ਸੁਯੋਗ ਪੁੱਤਰ ਸੀ। ਸ੍. ਪਰਮਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਉਸਦੀ ਧਰਮ ਪਤਨੀ ਬੀਬੀ ਰਣਜੀਤ ਕੌਰ, ਦੋ ਸਪੁੱਤਰਾਂ ਅਤੇ ਭਰੇ-ਪੂਰੇ ਲਾਇਲਪੁਰੀ ਪਰਵਾਰ ਨੂੰ ਭਾਰੀ ਸਦਮਾ ਪੁੱਜਿਆ ਹੈ। ਪਰਮਜੀਤ ਸਿੰਘ ਇਕ ਮਿਹਨਤੀ, ਸਹਿਜ ਸੁਭਾਅ, ਮਿੱਠਬੋਲੜਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ਰਧਾਵਾਨ ਸਿੱਖ ਸੀ।

ਮੰਦੇ ਭਾਗਾਂ ਦੀ ਗੱਲ ਹੈ ਕਿ ਸ੍. ਪਰਮਜੀਤ ਸਿੰਘ ਨੂੰ ਬਚਪਨ ਵਿਚ ੧੯੮੨ ਵਿਚ ਵੀ ਪੇਟ ਦੇ ਇਕ ਵੱਡੇ ਆਪਰੇਸ਼ਨ ਦੀ ਪ੍ਰਕਿਰਿਆ ਚੋਂ ਗੁਜ਼ਰਨਾ ਪਿਆ ਸੀ। ਪਿਛਲੇ ਕੁਝ ਸਾਲਾਂ ਤੋਂ ਕਿਡਨੀਆਂ ਖਤਮ ਹੋਣ ਦੀ ਮੰਦਭਾਗੀ ਜਾਣਕਾਰੀ ਸਾਹਮਣੇ ਆਉਣ ਤੇ ਡਾਕਟਰੀ ਇਲਾਜ ਕਰਵਾਉਂਦਿਆਂ ਪਤਨੀ ਰਣਜੀਤ ਕੌਰ (ਸਪੁੱਤਰੀ ਸਵ. ਸੰਤ ਕਿਰਪਾਲ ਸਿੰਘ ਜੀ, ਕਰਮਪੁਰਾ ਦਿੱਲੀ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਪਤੀ ਨੂੰ ਦੇਹ ਅਰੋਗਤਾ ਬਖਸ਼ਣ ਦੀ ਸਮੇਂ ਸਮੇਂ ਅਰਜ਼ ਕਰਦੀ ਰਹੀ। ਸਤਿਗੁਰੂ ਜੀ ਨੇ ਕਿਡਨੀ ਬਦਲਾਉਣ ਵਾਸਤੇ ਹਾਂ ਪੱਖੀ ਹੁਕਮ ਨਾ ਕਰਦਿਆਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਨ ਅਤੇ ਅਧਿਆਤਮਕ ਢੰਗ ਉਪਾਅ ਕਰਨ ਦਾ ਹੀ ਹੁਕਮ ਕੀਤਾ। ਏਧਰ ਪਰਮਜੀਤ ਸਿੰਘ ਡਾਇਲਾਸਿਸ ਪ੍ਰਕਿਰਿਆ ਅਤੇ ਸਤਿਗੁਰੂ ਜੀ ਵਲੋਂ ਬਖਸ਼ੀ ਹਿੰਮਤ ਨਾਲ ੩ ਨਵੰਬਰ ੦੭ ਤੱਕ ਆਪਣੇ ਸਕਰੀਨ ਪ੍ਰਿੰਟਿੰਗ ਦੇ ਕਾਰਜ ਨੂੰ ਬਾਖੂਬੀ ਕਰਦਿਆਂ ਬਰੇਨ ਹੈਮਰੇਜ ਦਾ ਸ਼ਿਕਾਰ ਹੋ ਗਿਆ। ਹੋਣੀ ਪ੍ਰਬਲ ਹੋਣ ਸਦਕਾ ੯ ਨਵੰਬਰ ੨੦੦੭ ਨੂੰ ਵੈਂਟੀਲੇਟਰ ਪ੍ਰਕਿਰਿਆ ਵੀ ਅਸਮਰਥ ਹੋ ਗਈ- ਜੋ ਪਰਮਜੀਤ ਸਿੰਘ ਜੀਵਨ ਮੁਕਤ ਹੋ ਅਕਾਲ ਪੁਰਖ ਦੇ ਚਰਨਾਂ ਵਿਚ ਪੁੱਜ ਗਿਆ।

ਵਿਛੜੀ ਰੂਹ ਦੀ ਆਤਮਿਕ ਕਲਿਆਣਤਾ ਹਿੱਤ ਜਿੱਥੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ ਗਿਆ ਉਥੇ ਗ੍ਰਿਹਿ ਵਿਖੇ ਰੋਜ਼ਾਨਾ ਸ਼ਾਮ ਨੂੰ ਨਿਤਨੇਮ ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਇਨ੍ਹਾਂ ਦਿਨਾਂ ਵਿਚ ਜਥੇਦਾਰ ਸੰਤ ਮਨਜੀਤ ਸਿੰਘ, ਸੰਤ ਗੁਰਚਰਨ ਸਿੰਘ ਵਿਸ਼ਨੂੰ ਗਾਰਡਨ ਦਾ ਜਥਾ ਅਤੇ ਨੌਜਵਾਨ ਸਿੰਘ ਸੇਵਕ ਜੱਥਾ ਟੈਗੋਰ ਗਾਰਡਨ ਕਥਾ ਕੀਰਤਨ ਕਰਨ ਦੀ ਸੇਵਾ ਨਿਭਾਉਂਦੇ ਰਹੇ। ਜਿਸ ਵਿਚ ਬਿਰਾਦਰੀ ਜਨ ਅਤੇ ਇਲਾਕੇ ਦੇ ਸੱਜਣ ਮਿੱਤਰ ਅਤੇ ਪਤਵੰਤੇ ਜਨ ਸੰਮਿਲਤ ਹੁੰਦੇ ਰਹੇ।

੧੫ ਨਵੰਬਰ ੦੭ ਵੀਰਵਾਰ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਪ੍ਰੋਗਰਾਮ ਦਾ ਆਰੰਭ ਸਤਿਗੁਰੂ ਜੀ ਦੇ ਵਰੋਸਾਏ ਹਜ਼ੂਰੀ ਰਾਗੀ ਸੰਤ ਬਲਜੀਤ ਸਿੰਘ ਅਤੇ ਉਸਦੇ ਭਰਾਤਾ ਸੰਤ ਗੁਰਮੀਤ ਸਿੰਘ ਜੀ ਵਲੋਂ ਸ਼ਾਸਤਰੀ ਧੁਨਾਂ ਵਿਚ ਸ਼ਬਦ ਗਾਇਨ ਨਾਲ ਹੋਇਆ। ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਦਿੱਲੀ ਕਥਾ ਕੀਰਤਨ ਕਰਦਿਆਂ ਗੁਰਬਾਣੀ ਚੋਂ ਪ੍ਰਮਾਣ ਦੇ ਕੇ ਜੀਵਨ-ਮਰਨ ਦੀ ਫਿਲਾਸਫ਼ੀ ਉਪਰ ਚਾਨਣਾ ਪਾਇਆ। ਕੀਰਤਨ ਉਪਰੰਤ ਭੋਗ ਦੇ ਸ਼ਲੋਕ ਪੜ੍ਹੇ ਗਏ ਅਤੇ ਵਿਛੜੀ ਜੀਵ ਆਤਮਾ ਲਈ ਅੰਤਿਮ ਅਰਦਾਸ ਕੀਤੀ ਗਈ। ਏਸ ਮੌਕੇ ਗੁਰਦੁਆਰਾ ਹਾਲ ਵਿਚ ਵੱਡੀ ਗਿਣਤੀ 'ਚ ਸੰਗਤ ਵਿਚ ਪਤਵੰਤੇ ਜਨ, ਸਾਹਿਤਕਾਰ ਅਤੇ ਕਈ ਸੰਸਥਾਵਾਂ ਦੇ ਪ੍ਰਤੀਨਿੱਧੀ ਪਹੁੰਚੇ। ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਦੀ ਦਿੱਲੀ ਇਕਾਈ ਦੇ ਸਾਬਕਾ ਡਾਇਰੈਕਟਰ ਸ੍ਰੀ ਓ. ਪੀ. ਆਨੰਦ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦੇ ਸਕੱਤਰ ਜਨਰਲ ਸ੍. ਮੋਹਨ ਸਿੰਘ ਬੇਗੀ, ਦਿੱਲੀ ਯੂਨੀਵਰਸਿਟੀ (ਪੰਜਾਬੀ ਵਿਭਾਗ) ਦੇ ਰੀਡਰ ਡਾ. ਮਨਜੀਤ ਸਿੰਘ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍. ਤੇਜਪਾਲ ਸਿੰਘ ਅਤੇ ਸ੍. ਜਸਪਾਲ ਸਿੰਘ ਮਨਚੰਦਾ ਸ਼ਾਮਲ ਸਨ। ਡਾ. ਮਨਜੀਤ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਇਹ ਅਟਲ ਸੱਚਾਈ ਹੈ ਕਿ ਜੋ ਵਿਅਕਤੀ ਸੰਸਾਰ ਵਿਚ ਆਇਆ ਹੈ ਉਸ ਨੇ ਇਕ ਦਿਨ ਜਾਣਾ ਜ਼ਰੂਰ ਹੈ। ਜੋ ਸਮੇਂ ਤੋਂ ਪਹਿਲਾਂ ਜਾਂਦਾ ਹੈ ਉਸਦਾ ਸਭ ਤੋਂ ਜ਼ਿਆਦਾ ਦੁੱਖ ਉਸਦੀ ਪਤਨੀ, ਬੱਚੇ, ਮਾਤਾ-ਪਿਤਾ ਤੇ ਭੈਣ-ਭਰਾਵਾਂ ਨੂੰ ਹੋਣਾ ਕੁਦਰਤੀ ਹੈ। ਡਾ. ਮਨਜੀਤ ਸਿੰਘ ਜੀ ਨੇ ਪਰਮਜੀਤ ਸਿੰਘ ਦੇ ਪਿਛੋਕੜ ਦੀ ਜਾਣਕਾਰੀ ਸੰਖੇਪ ਵਿਚ ਦਿੰਦਿਆਂ ਦੱਸਿਆ ਕਿ ਇਹ ਪਰਵਾਰ ਸੰਤ ਮੰਗਲ ਸਿੰਘ ਲਾਇਲਪੁਰੀ ਅਤੇ ਉਨ੍ਹਾਂ ਦੇ ਭਰਾਤਾ ਸ੍ਰੀ ਅਮਰ ਭਾਰਤੀ ਦਾ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ,

ਜਨਤਾ ਦੀ ਖੁਸ਼ਹਾਲੀ ਤੇ ਨਾਮਧਾਰੀ ਸਮਾਜ ਦੀ ਚੜ੍ਹਦੀ ਕਲਾ ਵਾਸਤੇ ਬੜਾ ਤਕੜਾ ਰੋਲ ਨਿਭਾਇਆ। ਸਾਰਾ ਪਰਵਾਰ ਸਾਹਿਤਕ ਰੁੱਚੀਆਂ ਰੱਖਦਾ ਹੈ। ਸ੍ਰੀ ਐਸ. ਐਸ. ਮਨਧੀਰ ਅਤੇ ਸਰਬ ਸ਼ਕਤੀਮਾਨ ਹੁਣ ਵੀ ਪੱਤਰਕਾਰੀ ਨਾਲ ਜੁੜੇ ਹੋਏ ਹਨ ਅਤੇ ਚੰਗੀ ਸ਼ਖਸੀਅਤ ਦੇ ਮਾਲਕ ਹਨ। ਸੰਤ ਗੁਰਮੁਖ ਸਿੰਘ ਰਤਨ ਨੇ ਆਈ ਸੰਗਤ ਅਤੇ ਸ਼ਬਦ ਕੀਰਤਨ ਕਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਧਾਰਮਕ ਅਤੇ ਸਾਹਿਤਕ ਅਦਾਰਿਆਂ ਦੇ ਨਾਂ ਅਨਾਊਂਸ ਕੀਤੇ ਜਿਨਾਂ ਵਾਸਤੇ ਏਸ ਮੌਕੇ ਪਰਵਾਰ ਵਲੋਂ ਮਾਇਆ ਕੱਢੀ ਗਈ। ਪ੍ਰੋਗਰਾਮ ਦੀ ਸਮਾਪਤੀ ਕੜਾਹ ਪ੍ਰਸਾਦਿ ਵਰਤਾਉਣ ਉਪਰੰਤ ਸ੍ਰੀ ਐਸ. ਐਸ. ਮਨਧੀਰ ਵਲੋਂ ਇਹਨਾਂ ਸ਼ਬਦਾਂ ਨਾਲ ਹੋਈ ਕਿ "ਸਾਨੂੰ ਚਿਤਚੇਤਾ ਵੀ ਨਹੀਂ ਸੀ ਕਿ ਪਰਮਜੀਤ ਦਾ ਸੰਜੋਗ ਸਾਡੇ ਨਾਲ ਏਨਾ ਹੀ ਸੀ। ਅਕਾਲ ਪੁਰਖ ਦਾ ਭਾਣਾ ਮੰਨਣਾ ਪੈਂਦਾ ਹੈ। ਦੂਰੋਂ ਨੇੜਿਓਂ ਪਹੁੰਚੀ ਸਰਬੱਤ ਸਾਧ ਸੰਗਤ ਦਾ ਧੰਨਵਾਦ।"

ਐਲਨਾਬਾਦ ਵਿਚ ਕਵੀ ਦਰਬਾਰ

੧੦ ਨਵੰਬਰ ੨੦੦੭ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਵਿਸ਼ਵਕਰਮਾ ਮੰਦਰ ਐਲਨਾਬਾਦ ਵਿਚ ਬਾਬਾ ਵਿਸ਼ਵਕਰਮਾ ਦਿਵਸ ਦੇ ਸਬੰਧ ਵਿਚ ਇਕ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਕਵੀ ਦਰਬਾਰ ਵਿਚ ਮਾਸਟਰ ਅਮਰੀਕ ਸਿੰਘ, ਗੁਰਦਿਆਲ ਸਿੰਘ ਪ੍ਰੀਤ, ਸਵਰਨ ਸਿੰਘ ਚੀਮਾ, ਪੂਰਨ ਸਿੰਘ ਨਿਰਾਲਾ, ਕੁਲਦੀਪ ਸਿੰਘ ਦੀਪ, ਲਖਵਿੰਦਰ ਸਿੰਘ ਬਾਜਵਾ, ਵਰਿਆਮ ਸਿੰਘ ਪਿਆਸਾ, ਜੁਗਿੰਦਰ ਸਿੰਘ ਮੁਕਤਾ, ਕਰਨੈਲ ਸਿੰਘ ਅਸਪਾਲ, ਰਜਿੰਦਰ ਸਿੰਘ ਰਾਜ, ਬਸੰਤ ਸਿੰਘ ਨਿਰਦੋਸ਼ ਅਤੇ ਉਭਰਦੇ ਗਾਇਕ ਗੁਰਭਜਨ ਬੋਪਾਰਾਏ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਸ. ਰਜਵੰਤ ਸਿੰਘ ਸੱਗੂ ਅਤੇ ਸਟੇਜ ਸਕੱਤਰੀ ਲਖਵਿੰਦਰ ਸਿੰਘ ਬਾਜਵਾ ਨੇ ਕੀਤੀ।

ਸੁਰਮਈ ਸ਼ਾਮ ਵਿਚ ਗੀਤਾਂ ਦੀ ਛਹਿਬਰ

ਲੁਧਿਆਣਾ : ੩ ਦਸੰਬਰ — ਸੰਜੀਦਾ ਅਤੇ ਕਲਾਸਿਕ ਗਾਇਕਾਂ ਨੂੰ ਸਰੋਤਿਆਂ ਸਾਹਮਣੇ ਪੇਸ਼ ਕਰਨ ਦੇ ਮਕਸਦ ਨੂੰ ਲੈ ਕੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਸੁਰਮਈ ਸ਼ਾਮ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਵਾਰ ਵੀ ਦੋ ਨਾਮਵਰ ਕਲਾਸੀਕਲ ਗਾਇਕਾਂ ਨੂੰ ਸਰੋਤਿਆਂ ਦੇ ਸਾਹਮਣੇ ਪੇਸ਼ ਕਰ ਕੇ ਅਕਾਡਮੀ ਨੇ ਆਪਣੀ ਰਵਾਇਤ ਨੂੰ ਜਾਰੀ ਰੱਖਿਆ ਹੈ। ਅਕਾਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਇਹ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਆਖਿਆ ਸਾਡੇ ਕੋਲ ਸਰੋਤੇ ਭਾਵੇਂ ਗਿਣਤੀ ਪੱਖੋਂ ਘੱਟ ਹਨ ਪਰ ਅਸੀਂ ਜਿਸ ਮਕਸਦ ਲਈ ਇਸ ਸ਼ਾਮ ਦਾ ਆਗਾਜ਼ ਕੀਤਾ ਹੈ ਉਸ ਪੱਖੋਂ ਅਸੀਂ ਕਾਮਯਾਬ ਹਾਂ।

ਸੁਰਮਈ ਸ਼ਾਮ ਦੇ ਕਨਵੀਨਰ ਡਾ. ਯੋਗਰਾਜ ਨੇ ਅੱਜ ਦੇ ਗਾਇਕ ਕਲਾਕਾਰਾਂ ਨਾਲ ਜਾਣ ਪਹਿਚਾਣ ਕਰਵਾਈ। ਪਹਿਲਾਂ ਗੌਰਮਿੰਟ ਕਾਲਜ ਦੀ ਪ੍ਰੋ. ਐਸ. ਕੇ. ਨੀਲਮ ਪਰਮਾਰ ਨੂੰ ਗਾਉਣ ਦੀ ਦਾਵਤ ਦਿੱਤੀ। ਪ੍ਰੋ. ਨੀਲਮ ਪਰਮਾਰ ਨੇ ਆਪਣੀ ਮਧੁਰ ਆਵਾਜ਼ ਰਾਹੀਂ ਕਈ ਨਾਮਵਰ ਸੂਫ਼ੀ ਕਲਾਮ, ਗ਼ਜ਼ਲਾਂ ਤੇ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਉਸ ਨੇ ਜਦੋਂ 'ਲਾਈ ਹੈ ਕੂਕ ਪਪੀਹੇ ਵਾਲੀ' ਗਾਇਆ ਤਾਂ ਸਰੋਤਿਆਂ ਨੂੰ ਆਪਣੇ ਨਾਲ ਜੋੜ ਲਿਆ। ਉਸ ਉਪਰੰਤ ਉਸ ਨੇ ਸੁਲਤਾਨ ਬਾਹੂ ਦੀ ਕਾਫ਼ੀ ਨੂੰ ਛੋਹਿਆ ਤਾਂ ਸਰੋਤਿਆਂ ਅੰਦਰ ਖਾਮੋਸ਼ੀ ਛਾ ਗਈ 'ਇਹ ਤਨ ਮੇਰਾ ਚਸ਼ਮਾ ਹੋਵੇ, ਮੈਂ ਮੁਰਸ਼ਦ ਵੇਖਣ ਜਾਂਵਾਂ, ਜਿਥੇ ਇਤਰਾਂ ਦੇ ਵਗਦੇ ਨੇ ਚੋਅ ਤੇ ਉਥੇ ਮੇਰਾ ਯਾਰ ਵਸਦਾ' ਗਾਇਆ ਤਾਂ ਹਾਲ ਤਾੜੀਆਂ ਨਾਲ ਗੂੰਜ ਪਿਆ। ਉਸ ਨੇ ਆਪਣਾ ਪ੍ਰਸਿੱਧ ਗੀਤ 'ਮੈਂ ਤਾਰਾ ਮੀਰਾ ਤੋੜਦੀ ਫਿਰਾਂ' ਗਾ ਕੇ ਆਪਣੀ ਆਵਾਜ਼ ਦਾ ਲੋਹਾ ਮਨਵਾਇਆ।

ਇਸ ਤੋਂ ਬਾਅਦ ਕ੍ਰਿਸ਼ਨ ਕੈਸ ਨੇ ਸੂਫ਼ੀ ਕਲਾਮ, ਲੋਕ ਰੰਗ, ਗ਼ਜ਼ਲਾਂ ਤੇ ਗੀਤ ਸੁਣਾਏ। ਉਸਨੇ ਸ਼ਿਵ ਕੁਮਾਰ, ਬੁੱਲੇ ਸ਼ਾਹ, ਸੁਰਜੀਤ ਪਾਤਰ, ਡਾ. ਜਗਤਾਰ ਆਦਿ ਦੇ ਗੀਤ ਗਾਏ।

ਅਕਾਡਮੀ ਦੇ ਸੀਨੀ. ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਮਹਿਮਾਨਾਂ ਤੇ ਗਾਇਕਾਂ ਤੇ ਸਾਜ਼ੀਆਂ ਦਾ ਧੰਨਵਾਦ ਕਰਦਿਆਂ ਅਗਲੇ ਮਹੀਨੇ ਦੇ ਪਹਿਲੇ ਸ਼ਨੀਵਾਰ ਦੀ ਸ਼ਾਮ ਨੂੰ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਸਿੱਧ ਗਾਇਕ ਕੇ. ਦੀਪ, ਕੁਲਵੰਤ ਸਿੰਘ ਤੇ ਜਸਵਿੰਦਰ ਧਨਾਨਸੂ ਵੀ ਸਰੋਤਿਆਂ ਵਿਚ ਮੌਜੂਦ ਸਨ। ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ, ਡਾ. ਸੁਰਜੀਤ ਸਿੰਘ, ਡਾ. ਅਮਰਜੀਤ ਸਿੰਘ ਦੂਆ, ਪ੍ਰੋ. ਨੀਲਮ ਸ਼ਰਮਾ, ਪ੍ਰੋ. ਪਰਮਜੀਤ ਸਿੰਘ, ਪ੍ਰੋ. ਰੁਪਿੰਦਰ ਮਾਨ, ਇੰਜ. ਜਸਵੰਤ ਜ਼ਫ਼ਰ, ਪ੍ਰੋ. ਮਨਦੀਪ, ਨਾਟਕਕਾਰ ਤਰਲੋਚਨ, ਬੁੱਧ ਸਿੰਘ ਨੀਲੋਂ, ਜਗਦੀਪ, ਅਜੀਤ ਪਿਆਸਾ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿਚ ਸਰੋਤੇ ਹਾਜ਼ਰ ਸਨ।

—(ਡਾ.) ਰਣਜੀਤ ਸਿੰਘ

ਜੜ੍ਹਾਂ ਦਾ ਮੋਹ ਖਿੱਚ ਲਿਆਉਂਦਾ— ਮੋਹਨ ਗਿੱਲ

ਲੁਧਿਆਣਾ : ੩ ਦਸੰਬਰ — ਆਪਣੀ ਮਿੱਟੀ ਦਾ ਮੋਹ ਤੇ ਜੜ੍ਹਾਂ ਦੀ ਖਿੱਚ ਹਰਵਾਰ ਖਿੱਚ ਲਿਆਉਂਦੀ ਹੈ। ਇਹ ਵਿਚਾਰ ਪੰਜਾਬੀ ਸਾਹਿਤ ਅਕਾਡਮੀ ਵਲੋਂ ਕਰਵਾਏ ਗਏ 'ਜੀ ਆਇਆਂ ਨੂੰ' ਪ੍ਰੋਗ੍ਰਾਮ ਅਧੀਨ ਬੋਲਦਿਆਂ ਪਰਵਾਸੀ ਸ਼ਾਇਰ ਮੋਹਨ ਗਿੱਲ

ਨੇ ਕਹੇ। ਉਨ੍ਹਾਂ ਕਿਹਾ ਕਿ "ਅਸੀਂ ਰੋਜ਼ੀ ਰੋਟੀ ਲਈ ਵਿਦੇਸ਼ ਗਏ ਸੀ। ਉਥੇ ਸਾਨੂੰ ਪੈਸਾ ਤਾਂ ਮਿਲ ਗਿਆ ਪਰ ਮਨ ਦਾ ਸਕੂਨ ਨਹੀਂ ਮਿਲਿਆ। ਇਹ ਸਕੂਨ ਅਸੀਂ ਆਪਣੀਆਂ ਲਿਖਤਾਂ ਰਾਹੀਂ ਪ੍ਰਾਪਤ ਕਰਦੇ ਹਾਂ।"

ਇਸ ਤੋਂ ਪਹਿਲਾਂ ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਸ਼ਾਇਰ ਮੋਹਨ ਗਿੱਲ ਦੇ ਜੀਵਨ ਤੇ ਰਚਨਾ ਸਬੰਧੀ ਜਾਣਕਾਰੀ ਦੇਂਦਿਆਂ ਦੱਸਿਆ ਕਿ ਮੋਹਨ ਗਿੱਲ ਪਿੰਡ ਡੇਹਲੋਂ ਦਾ ਜੰਮਪਲ ਹੈ ਤੇ ਉਸ ਨੇ ਮੁੱਢਲੀ ਸਿੱਖਿਆ ਪਿੰਡੋਂ ਤੇ ਉਚੇਰੀ ਸਿੱਖਿਆ ਗੌਰਮਿੰਟ ਕਾਲਜ ਲੁਧਿਆਣਾ ਤੋਂ ਪ੍ਰਾਪਤ ਕੀਤੀ। ਉਸ ਨੂੰ ਲਿਖਣ ਦਾ ਸ਼ੌਕ ਕਾਲਜ ਦੀ ਪੜ੍ਹਾਈ ਦੌਰਾਨ ਪਿਆ। ਉਸ ਦੇ ਦੋ ਕਾਵਿ-ਸੰਗ੍ਰਹਿ ਗਿਰਝਾਂ ਦੀ ਹੜਤਾਲ ਤੇ ਬਣਵਾਸ ਤੋਂ ਬਾਅਦ ਛਪੀ ਤੇ ਸੰਪਾਦਿਤ ਪੁਸਤਕ 'ਪਰਦੇਸ ਕਲਾਮ' ਹੈ। ਜਿਨ੍ਹਾਂ ਵਿਚੋਂ ਮਾਂ-ਬੋਲੀ ਦੀ ਮਹਿਕ ਤੇ ਇਥੋਂ ਦਾ ਹੇਰਵਾ ਵਾਰ ਵਾਰ ਉਮਡਦਾ ਹੈ।

ਮੋਹਨ ਗਿੱਲ ਨੇ ਆਪਣੇ ਜੀਵਨ ਬਾਰੇ ਜਾਣਕਾਰੀ ਦਿੱਤੀ ਤੇ ਆਪਣੀਆਂ ਕਈ ਚੋਣਵੀਆਂ ਕਾਵਿ ਰਚਨਾਵਾਂ ਹਾਜ਼ਰ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਇਹ 'ਜੀ ਆਇਆਂ ਨੂੰ' ਪ੍ਰੋਗਰਾਮ ਅਚਨਚੇਤ ਬਣਾਇਆ ਜਾਂਦਾ ਹੈ, ਜਦੋਂ ਕੋਈ ਪਰਵਾਸੀ ਲੇਖਕ ਪੰਜਾਬੀ ਭਵਨ ਦੇ ਵਿਹੜੇ ਵਿਚ ਆਉਂਦਾ ਤਾਂ ਉਸ ਨਾਲ ਸਥਾਨਕ ਲੇਖਕਾਂ ਨੂੰ ਮਿਲਾਇਆ ਜਾਂਦਾ ਹੈ। ਇਹ ਪ੍ਰੋਗਰਾਮ ਬੜਾ ਕਾਮਯਾਬੀ ਨਾਲ ਚੱਲ ਰਿਹਾ ਹੈ।

ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਪਰਵਾਸੀ ਸ਼ਾਇਰ ਮੋਹਨ ਗਿੱਲ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਸੁਰਜੀਤ ਸਿੰਘ , ਡਾ. ਯੋਗਰਾਜ, ਜਸਵੰਤ ਸਿੰਘ ਅਮਨ, ਜਸਮੇਰ ਸਿੰਘ ਢੱਟ, ਤਰਲੋਚਨ ਸਿੰਘ, ਬੁੱਧ ਸਿੰਘ ਨੀਲੋਂ, ਪ੍ਰੋ. ਜਗਮੋਹਨ, ਸਤੀਸ਼ ਗੁਲਾਟੀ ਸਮੇਤ ਕਾਫੀ ਗਿਣਤੀ ਵਿਚ ਸਰੋਤੇ ਹਾਜ਼ਰ ਸਨ।

ਬੱਚਿਆਂ ਤੇ ਵੱਡਿਆਂ 'ਚ ਵਧ ਰਹੀ ਦੂਰੀ-ਸਾਹਿਤ ਹੀ ਘਟਾ ਸਕਦੇ : ਡਾ. ਜੌਹਲ

ਲੁਧਿਆਣਾ : ੩ ਦਸੰਬਰ— "ਸਮਾਜ ਵਿਚ ਵਧ ਰਹੇ ਮੁਕਾਬਲੇ ਨੇ ਬੱਚਿਆਂ ਤੇ ਵੱਡਿਆਂ ਵਿਚਕਾਰ ਏਨੀ ਦੂਰੀ ਵਧਾ ਦਿੱਤੀ ਹੈ, ਜਿਸ ਨਾਲ ਸਾਡੇ ਰਿਸ਼ਤੇ ਵੀ ਖੰਡ ਹੋ ਗਏ ਹਨ। ਇਸ ਦੂਰੀ ਨੂੰ ਘਟਾਉਣ ਲਈ ਸਾਡੇ ਲੇਖਕਾਂ ਨੂੰ ਵੱਧ ਤੋਂ ਵੱਧ ਬਾਲ ਸਾਹਿਤ ਰਚਨਾ ਚਾਹੀਦਾ ਹੈ।" ਇਹ ਵਿਚਾਰ ਡਾ. ਐਸ. ਐਸ. ਜੌਹਲ ਨੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਕਰਵਾਈ ਬਾਲ ਸਾਹਿਤ ਗੋਸ਼ਟੀ ਦੀ ਪ੍ਰਧਾਨਗੀ ਕਰਦਿਆਂ ਜੀ. ਜੀ. ਐਨ. ਖ਼ਾਲਸਾ ਕਾਲਜ ਵਿਚ ਕਹੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪ੍ਰਸਾਰ ਲਈ ਬਾਲ ਸਾਹਿਤ ਰਚਣ ਦੀ ਬੇਹੱਦ ਲੋੜ ਹੈ। ਇਸ ਮੌਕੇ ਇਕ ਮਤੇ ਰਾਹੀਂ ਲੇਖਕਾਂ ਨੂੰ ਵੱਧ ਤੋਂ ਵੱਧ ਬਾਲ ਸਾਹਿਤ ਰਚਨ ਦੀ ਅਪੀਲ ਵੀ ਕੀਤੀ ਗਈ।

ਅਕਾਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਗੋਸ਼ਟੀ ਦਾ ਆਰੰਭ ਕਰਦਿਆਂ ਕਿਹਾ ਕਿ ਤਬਦੀਲ ਹੋ ਰਹੀਆਂ ਪ੍ਰਸਥਿਤੀਆਂ ਮੁਤਾਬਿਕ ਬੱਚਿਆਂ ਵਿਚ ਸਾਹਿਤ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ। ਇਸ ਗੋਸ਼ਟੀ ਵਿਚ ਦੋ ਪੇਪਰ ਪੜ੍ਹੇ ਗਏ। ਡਾ. ਹਰਸ਼ਿੰਦਰ ਕੌਰ ਨੇ ਬੱਚਿਆਂ ਦੀ ਮਾਨਸਿਕਤਾ ਸਬੰਧੀ ਪੇਪਰ ਪੜ੍ਹਦਿਆਂ ਕਿਹਾ ਬੱਚਾ ਤਾਂ ਭਰੂਣ ਤੋਂ ਸਾਹਿਤ ਨਾਲ ਜੁੜ ਜਾਂਦਾ ਹੈ, ਜਨਮ ਤੋਂ ਬਾਅਦ ਉਹ ਸਾਹਿਤ ਦੇ ਹੋਰ ਵੀ ਨੇੜੇ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਲੇਖਕ ਬੱਚਿਆਂ ਬਾਰੇ ਵਧੇਰੇ ਲਿਖ ਰਹੇ ਹਨ, ਜਦਕਿ ਬੱਚਿਆਂ ਲਈ ਬਹੁਤ ਘੱਟ ਲਿਖਿਆ ਜਾ ਰਿਹਾ ਹੈ। ਬੱਚੇ ਅੰਦਰ ਸੁਨਣ, ਸਮਝਣ ਤੇ ਜਾਨਣ ਦੀ ਬੇਹੱਦ ਰੁਚੀ ਹੁੰਦੀ ਹੈ।

ਦੂਸਰਾ ਪੇਪਰ ਡਾ. ਦਰਸ਼ਨ ਸਿੰਘ ਆਸ਼ਟ ਨੇ ਪੇਸ਼ ਕਰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਅੰਦਰ ਉਸਾਰੂ ਤੇ ਚੰਗੇਰਾ ਸਾਹਿਤ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਨੂੰ ਸ਼ਕਤੀ ਉਸਾਰੂ ਤੇ ਚੰਗੇ ਪੱਖ ਲਈ ਵਰਤਿਆ ਜਾ ਸਕਦਾ ਹੈ।

ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਹ ਹੀ ਲੇਖਕ ਵੱਡਾ ਬਣ ਸਕਦਾ ਹੈ ਜਿਹੜਾ ਬੱਚਿਆਂ ਲਈ ਲਿਖਦਾ ਹੋਵੇ। ਉਨ੍ਹਾਂ ਕਿਹਾ ਕਿ ਵਿਦੇਸ਼ੀ ਲੇਖਕਾਂ ਨੇ ਬੱਚਿਆਂ ਲਈ ਬਹੁਤ ਲਿਖਿਆ ਹੈ। ਪਰ ਸਾਡੇ ਲੇਖਕ ਬੱਚਿਆਂ ਲਈ ਲਿਖਣਾ ਘਟੀਆ ਕੰਮ ਸਮਝਦੇ ਹਨ। ਫੇਰ ਅਸੀਂ ਗਿਲਾ ਕਰਦੇ ਹਾਂ ਕਿ ਸਾਹਿਤ ਦੇ ਪਾਠਕ ਨਹੀਂ, ਪਾਠਕ ਤਾਂ ਹੀ ਪੈਦਾ ਹੋਣਗੇ ਜੇ ਬੱਚਿਆਂ ਲਈ ਲਿਖਾਂਗੇ।

ਇਸ ਸਮਾਗਮ ਵਿਚ ਪੰਜਾਬੀ ਸਾਹਿਤ ਅਕਾਡਮੀ ਵਲੋਂ ਮਾਤਾ ਜਸਵੰਤ ਕੌਰ ਸਰਬੋਤਮ ਬਾਲ ਪੁਸਤਕ ਪੁਰਸਕਾਰ ਡਾ. ਫ਼ਕੀਰ ਚੰਦ ਸ਼ੁਕਲਾ ਨੂੰ ਭੇਟ ਕੀਤਾ ਗਿਆ। ਸ਼ੋਭਾ-ਪੱਤਰ ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਪੜ੍ਹਿਆ। ਡਾ. ਫ਼ਕੀਰ ਚੰਦ ਸ਼ੁਕਲਾ ਨੂੰ ਨਕਦ ਰਾਸ਼ੀ, ਸ਼ੋਭਾ-ਪੱਤਰ, ਪ੍ਰਮਾਣ ਪੱਤਰ ਤੇ ਪ੍ਰਕਾਸ਼ਨਾਵਾਂ ਦਾ ਸੈੱਟ ਭੇਟ ਕੀਤਾ ਗਿਆ। ਪ੍ਰਿੰ. ਪ੍ਰੇਮ ਸਿੰਘ ਬਜਾਜ ਨੇ ਇਸ ਪੁਰਸਕਾਰ ਸਬੰਧੀ ਜਾਣਕਾਰੀ ਦਿੱਤੀ ਅਤੇ ਧੰਨਵਾਦ ਦੇ ਸ਼ਬਦ ਵੀ ਕਹੇ।

ਅਕਾਡਮੀ ਦੇ ਸੀਨੀ. ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਕਿਹਾ 'ਬੱਚਿਆਂ ਲਈ ਲਿਖਣਾ ਬੜਾ ਔਖਾ ਕੰਮ ਹੈ, ਪਰ ਜਿਹੜੇ ਲਿਖ ਰਹੇ ਹਨ, ਉਨ੍ਹਾਂ ਦਾ ਮਾਣ ਸਤਿਕਾਰ ਕਰਨਾ ਅਕਾਡਮੀ ਦਾ ਫਰਜ਼ ਬਣਦਾ ਹੈ। ਅਕਾਡਮੀ ਇਹ ਫਰਜ਼ ਹਰ

ਵਰ੍ਹੇ ਨਿਭਾਅ ਰਹੀ ਹੈ।' ਇਸ ਮੌਕੇ ਪ੍ਰਿੰਸੀਪਲ ਤਰਲੋਚਨ ਸਿੰਘ ਆਨੰਦ, ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਗੁਣਵੰਤ ਸਿੰਘ ਦੂਆ, ਸ. ਕੁਲਜੀਤ ਸਿੰਘ ਸਕੱਤਰ, ਕਾਲਜ ਕਮੇਟੀ, ਜਨਮੇਜਾ ਜੌਹਲ, ਜਸਵੰਤ ਸਿੰਘ ਅਮਨ, ਪ੍ਰੋ. ਜਤਿੰਦਰਬੀਰ ਸਿੰਘ ਨੰਦਾ ਤੋਂ ਇਲਾਵਾ ਸਥਾਨਕ ਕਾਲਜਾਂ ਦੇ ਵਿਦਿਆਰਥੀ, ਪ੍ਰੋਫੈਸਰ ਤੇ ਲੇਖਕ ਹਾਜ਼ਰ ਸਨ। ਗੋਸ਼ਟੀ ਮੌਕੇ ਮੰਚ ਸੰਚਾਲਨ ਡਾ. ਅੰਮ੍ਰਿਤ ਰਿਸ਼ਮਾ ਨੇ ਕੀਤਾ।

'ਕੇਵਲ ਵਿੱਗ ਐਵਾਰਡ' ਸਮਾਰੋਹ

ਕੇਵਲ ਵਿੱਗ ਫਾਊਂਡੇਸ਼ਨ, ਜਲੰਧਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਰੇ ਲਈ ਕਹਾਣੀਕਾਰ-ਲੇਖਕ ਸ੍ਰੀ ਧਰਮਪਾਲ ਸਾਹਿਲ ਅਤੇ ਸ਼ਾਇਰ ਸ੍ਰੀ ਨਰਿੰਦਰ ਮਾਨਵ ਨੂੰ 'ਕੇਵਲ ਵਿੱਗ ਐਵਾਰਡ-੨੦੦੭' ਪ੍ਰਦਾਨ ਕਰਨ ਲਈ ਸਮਾਗਮ ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ, ਜਲੰਧਰ ਵਿਖੇ ਆਯੋਜਿਤ ਕੀਤਾ ਗਿਆ।

ਪ੍ਰਮੁੱਖ ਪੱਤਰਕਾਰ ਸਵਰਗੀ ਸ੍ਰੀ ਕੇਵਲ ਵਿੱਗ, ਜੋ ਲੰਮਾ ਸਮਾਂ 'ਜਨਤਾ ਸੰਸਾਰ' ਦੀ ਸੰਪਾਦਨਾ ਕਰਦੇ ਰਹੇ ਹਨ ਤੇ ਸਾਹਿੱਤ ਨਾਲ ਉਹਨਾਂ ਦਾ ਮੋਹ ਰਿਹਾ ਹੈ। ਉਹਨਾਂ ਦੀ ਯਾਦ ਵਿਚ ਇਹ ਐਵਾਰਡ ੧੯੯੪ ਵਿਚ ਸਥਾਪਿਤ ਕੀਤਾ ਗਿਆ ਹੋਇਆ ਹੈ ਤੇ ਹਰ ਸਾਲ ਸਵਰਗੀ ਸ੍ਰੀ ਵਿੱਗ ਦੀ ਬਰਸੀ 'ਤੇ ਇਕ ਸਮਾਰੋਹ ਦੌਰਾਨ ਇਹ ਸਨਮਾਨ ਪ੍ਰਦਾਨ ਕੀਤੇ ਜਾਂਦੇ ਹਨ।

ਸਮਾਗਮ ਦੀ ਪ੍ਰਧਾਨਗੀ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਨੇ ਕੀਤੀ ਤੇ ਵਿਸ਼ੇਸ਼ ਸਤਿਕਾਰਤ ਮਹਿਮਾਨਾਂ ਵਿਚ ਆਕਾਸ਼ਵਾਨੀ, ਜਲੰਧਰ ਦੇ ਸਟੇਸ਼ਨ ਡਾਇਰੈਕਟਰ ਸ੍ਰੀ ਡੀ. ਪੀ. ਮਲਿਕ, ਨਗਰ ਨਿਗਮ ਜਲੰਧਰ ਦੇ ਸੀਨੀਅਰ ਡਿਪਟੀ ਮੇਅਰ ਸ. ਕਮਲਜੀਤ ਸਿੰਘ ਭਾਟੀਆ ਤੇ ਜ਼ਿਲ੍ਹਾ ਭਾਸ਼ਾ ਅਫ਼ਸਰ, ਜਲੰਧਰ ਸ. ਮਨਪ੍ਰੀਤ ਸਿੰਘ ਬੱਲ ਤੇ ਹੋਰ ਪਤਵੰਤੇ ਹਾਜ਼ਿਰ ਸਨ।

ਸ਼ਮ੍ਹਾ ਰੌਸ਼ਨ ਰਸਮ ਸ. ਮਨਪ੍ਰੀਤ ਸਿੰਘ ਬੱਲ ਤੇ ਹੋਰ ਸ਼ਹਿਰ ਦੇ ਪਤਵੰਤਿਆਂ ਨੇ ਸਾਂਝੇ ਤੌਰ ਤੇ ਕੀਤੀ। ਗਾਇਕ ਵੇਦ ਰੱਤੜਾ, ਸੁਰਿੰਦਰ ਗੁਲਸ਼ਨ ਤੇ ਸਚਿਨ ਬੱਤਰਾ ਕੁਲਦੀਪ ਪੱਟੀ ਤੇ ਬਲਵੀਰ ਸਿੰਘ ਵਾਸੀ ਨੇ, ਗੀਤ, ਨਜ਼ਮਾਂ ਤਰੰਨੁਮ ਵਿਚ ਸੁਣਾਈਆਂ।

ਸ੍ਰੀ ਧਰਮਪਾਲ ਸਾਹਿਲ, ਜਿਨ੍ਹਾਂ ਨੂੰ ਬਿਹਤਰੀਨ ਲੇਖਕ ਦੇ ਤੌਰ 'ਤੇ ਇਹ ਸਨਮਾਨ ਦਿੱਤਾ ਗਿਆ, ਬਾਰੇ ਪ੍ਰਸਿੱਧ ਸਾਹਿੱਤਕਾਰ ਡਾਕਟਰ ਕੀਰਤੀ ਕੇਸਰ ਨੇ ਵਿਸਥਾਰਪੂਰਵਕ ਚਾਨਣਾ ਪਾਇਆ ਸ੍ਰੀ ਨਰਿੰਦਰ ਮਾਨਵ, ਬਾਰੇ ਉਸਤਾਦ ਗ਼ਜ਼ਲਕਾਰ ਜਨਾਬ ਉਲਫ਼ਤ ਬਾਜਵਾ ਨੇ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਸ੍ਰੀ ਮਾਨਵ ਦੀਆਂ ਸੇਵਾਵਾਂ ਨੂੰ ਸ਼ਲਾਘਾਯੋਗ ਦੱਸਿਆ। ਸ੍ਰੀ ਸਾਹਿਲ ਤੇ ਸ੍ਰੀ ਮਾਨਵ ਨੂੰ ਹਾਜ਼ਿਰ ਮਹਿਮਾਨਾਂ ਤੇ ਸ੍ਰ. ਸੁਰਜੀਤ ਸਿੰਘ ਮਿਨਹਾਸ ਹੁਰਾਂ ਨੇ ਦੋਸ਼ਾਲਾ ਤੇ ਮੋਮੈਂਟੋ ਭੇਟ ਕਰਕੇ ਇਹ ਯਾਦਗਾਰੀ ਸਨਮਾਨ ਦਿੱਤਾ।

ਸ. ਮਿਨਹਾਸ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ 'ਕੇਵਲ ਵਿੱਗ ਐਵਾਰਡ' ਲਈ ਜਿਹੜੀਆਂ ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ ਹੈ, ਉਹ ਬਹੁਤ ਹੀ ਸੁਚੱਜੀ ਹੈ। ਸਵਰਗੀ ਸ੍ਰੀ ਕੇਵਲ ਵਿੱਗ ਨੂੰ ਸ਼ਰਧਾਂਜਲੀ ਦਿੰਦਿਆਂ ਉਹਨਾਂ ਨੂੰ ਇਕ ਸੰਸਥਾ ਦੱਸਿਆ ਤੇ ਉਹਨਾਂ ਦੀ ਯਾਦ ਵਿਚ ਹਰ ਸਾਲ ਹੋਣ ਵਾਲੇ ਸਮਾਗਮ ਦੀ ਪ੍ਰਸ਼ੰਸਾ ਕੀਤੀ।

ਫਾਊਂਡੇਸ਼ਨ ਦੇ ਕਨਵੀਨਰ ਸ੍ਰੀ ਜਤਿੰਦਰ ਮੋਹਨ ਵਿੱਗ ਨੇ ਆਏ ਸਭ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸਮੁੱਚੇ ਸਮਾਗਮ ਦੀ ਸੰਚਾਲਨਾ ਸ੍ਰੀਮਤੀ ਸੁਖਪ੍ਰੀਤਪਾਲ ਕੌਰ ਨੇ ਬਾਖ਼ੂਬੀ ਨਿਭਾਈ।

ਨਾਮਧਾਰੀ ਵਿਦਿਅਕ ਜਥੇ ਦੇ ਨਵੇਂ ਅਹੁਦੇਦਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਨਵੇਂ ਅਹੁਦੇਦਾਰ ਥਾਪਣ ਦੀ ਕ੍ਰਿਪਾ ਕੀਤੀ ਹੈ। ਸੰਤ ਹਰਜੀਤ ਸਿੰਘ ਮੁੱਠਡਾ ਨੂੰ ਸ. ਜਗਤਤਾਰ ਸਿੰਘ ਭੱਟੀ ਦੀ ਥਾਂ ਤੇ ਜਨਰਲ ਸਕੱਤਰ ਦੇ ਅਹੁਦੇ ਤੇ ਲਾਇਆ ਗਿਆ ਹੈ ਜਦੋਂ ਕਿ ਸੰਤ ਸੁਖਵਿੰਦਰ ਸਿੰਘ ਲਾਇਲ ਨੂੰ ਨਵਤੇਜ ਸਿੰਘ, ਲੁਧਿਆਣਾ ਦੀ ਜਗਾਹ ਸਕੱਤਰ ਦੀ ਸੇਵਾ ਦਿੱਤੀ ਗਈ ਹੈ। ਇਸ ਤਰਾਂ ਸੰਤ ਬਲਬੀਰ ਸਿੰਘ ਨਵਾਂ ਸ਼ਹਿਰ ਨੂੰ ਸੰਤ ਜਗਤਾਰ ਸਿੰਘ ਲਾਇਲ ਦੀ ਜਗਾ ਨਵੇਂ ਖਜ਼ਾਨਚੀ ਥਾਪਿਆ ਗਿਆ ਹੈ। ਕੇਂਦਰੀ ਵਿਦਿਅਕ ਜਥੇ ਦੇ ਅਹੁਦੇਦਾਰਾਂ ਦੇ ਨਾਮ ਇਸ ਪ੍ਰਕਾਰ ਹਨ।

੧. ਸੂਬਾ ਬਲਵਿੰਦਰ ਸਿੰਘ ਝੱਲ	ਪ੍ਰਧਾਨ
੨. ਸੰਤ ਹਰਜੀਤ ਸਿੰਘ ਮੁੱਠਡਾ ਕਲਾਂ	ਜਰਨਲ ਸਕੱਤਰ
੩. ਸੰਤ ਸੁਖਵਿੰਦਰ ਸਿੰਘ ਲਾਇਲ	ਸਕੱਤਰ
੪. ਸੰਤ ਬਲਬੀਰ ਸਿੰਘ ਨਵਾਂਸ਼ਹਿਰ	ਖਜ਼ਾਨਚੀ

—ਸੂਬਾ ਬਲਵਿੰਦਰ ਸਿੰਘ ਝੱਲ

ਕਾਮਰੇਡ ਚਾਨਣਾ ਦੀ ਮਾਤਾ ਦਾ ਦੇਹਾਂਤ

ਵਰਿਆਮ ਦੇ ਪੁਰਾਣੇ ਸਨੇਹੀ, ਕਾਮਰੇਡ ਚਰਨਜੀਤ ਸਿੰਘ ਚਾਨਣਾ, ਨਿਵਾਸੀ ਪਿੰਡ ਕਰੀਵਾਲਾ ਜ਼ਿਲ੍ਹਾ ਸਰਸਾ ਹਰਿਆਣਾ ਦੀ ਮਾਤਾ ਬੀਬੀ ਅਮਰਜੀਤ ਕੌਰ ਧਰਮ ਪਤਨੀ ਸਵਰਗੀ ਗਿਆਨੀ ਬੱਗਾ ਸਿੰਘ ਕਾਹਲੋਂ ਛੰਨੀਆਂ ਵਾਲੇ ਗੁਰੂ ਕੇ ਭਾਣੇ ਵਿਚ ਪਚਾਸੀ ਸਾਲ ਦੀ ਆਯੂ ਭੋਗ ਕੇ ੨੨ ਦਸੰਬਰ ੨੦੦੭ ਸਬੁਹ ਪੰਜ ਵਜੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਚਾਨਣਾ ਪਰਿਵਾਰ ਦੇ ਇਸ ਦੁੱਖ ਵਿਚ ਵਰਿਆਮ ਪਰਿਵਾਰ ਸ਼ਾਮਲ ਹੈ
— ਸੰਪਾਦਕ

ਪ੍ਰਤੀਕਿਰਿਆ

ਪਰਚਾ 'ਵਰਿਆਮ' ਲਗਾਤਾਰ ਮਿਲ ਰਿਹਾ ਹੈ। ਧੰਨਵਾਦ! ਵਰਿਆਮ ਦੇ ਤੇਤੀਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਲੈਣ ਦੀਆਂ ਵਧਾਈਆਂ! ਸਤਿਗੁਰੂ ਜਗਜੀਤ ਸਿੰਘ ਜੀ ੮੯ਵੇਂ ਜਨਮ-ਪੁਰਬ ਦੀਆਂ ਵੀ ਵਧਾਈਆਂ! ਉਨ੍ਹਾਂ ਦੀ ਅਸ਼ੀਰਵਾਦ ਸਦਕਾ 'ਵਰਿਆਮ' ਲੇਖਕਾਂ, ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੇ ਮਸਲਿਆਂ ਬਾਰੇ ਆਪਣੀ ਰਹਿਨੁਮਾਈ ਦਿੰਦਾ ਆ ਰਿਹਾ ਹੈ। ਮਨੁਖਤਾ ਪ੍ਰਤੀ ਨਾਮਧਾਰੀ ਸੰਦੇਸ਼ ਦਾ ਵੀ ਪ੍ਰਸਾਰ ਕਰਦਾ ਆ ਰਿਹਾ ਹੈ।

ਨਵੰਬਰ ੨੦੦੭ ਦਾ 'ਵਰਿਆਮ' ਸਾਹਿਤਕ ਪੱਖ ਤੋਂ ਚੰਗੀਆਂ ਮਿਆਰੀ ਰਚਨਾਵਾਂ ਪ੍ਰਕਾਸ਼ਤ ਕਰਨ ਵਿਚ ਸਫ਼ਲ ਰਿਹਾ ਹੈ। ਮਹਿਮਾ ਸਿੰਘ ਤੂਰ, ਕਰਤਾਰ ਸਿੰਘ ਕਾਲੜਾ, ਜਸਵਿੰਦਰ ਮਹਿਰਮ, ਕੁਲਵੰਤ ਜਗਰਾਓਂ ਦੀਆਂ ਗ਼ਜ਼ਲਾਂ ਚੰਗੀਆਂ ਵਿਚਾਰ ਉਕਸਾਊ ਹਨ। ਨੀਲਮ ਸੰਜੀਵ ਦੀ ਪਿੰਨੀਆਂ ਕਹਾਣੀ ਵਿਚ ਬੜੀ ਚੁਭਵੀਂ ਟੀਸ ਹੈ।

ਡਾ. ਤੇਜਵੰਤ ਮਾਨ
ਸੰਗਰੂਰ

ਆਪ ਲਗਾਤਾਰ ਮੇਹਨਤ ਨਾਲ ਦਹਾਕਿਆਂ ਤੋਂ ਵਰਿਆਮ ਮਾਸਿਕ ਪ੍ਰਕਾਸ਼ਤ ਕਰਦੇ ਆ ਰਹੇ ਹੋ। ਆਪ ਦਾ ਮਾਸਿਕ ਸਾਹਿਤ ਤੇ ਨਾਮਧਾਰੀ ਇਤਿਹਾਸ ਵਲ ਖੁੱਲੀ ਖਿੜਕੀ ਹੈ। ੧੮੫੭ ਦੀ ਪਹਿਲੀ ਨਾਕਾਮ ਜੰਗੇ ਅਜ਼ਾਦੀ ਤੋਂ ਫੌਰਨ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦਾ ਆਰੰਭ ਬਹੁਤ ਵਲੱਖਣ ਤਰੀਕੇ ਨਾਲ, ਇਕ ਅਲੱਗ ਜਹੇ ਢੰਗ ਨਾਲ ਕੀਤਾ। ਸਮਾਜ ਸੁਧਾਰ, ਫਰੰਗੀਆਂ ਦਾ ਬਾਈਕਾਟ ਵਿਦਿਆ, ਅਦਾਲਤਾਂ, ਸੰਚਾਰ ਡਾਕ ਪ੍ਰਬੰਧ ਆਦਿ ਇਕ ਸਮਾਨਅੰਤਰ ਰਾਜ ਪ੍ਰਬੰਧ ਵਾਂਗ ਚਾਲੂ ਕੀਤਾ। ਇਸ ਲਈ ਇਸ ਤਰਾਂ ਦੇ ਹੀ ਮਰਜੀਵੜੇ, ਉਚ ਇਖ਼ਲਾਕ ਤੇ ਕਿਰਦਾਰ ਵਾਲੇ ਲੋਕ ਨਾਲ ਲੈ ਕੇ, ਇਸ ਤਰ੍ਹਾਂ ਦੀ ਹੀ ਇਖਲਾਕੀ ਕਦਰਾਂ ਕੀਮਤਾਂ ਵਾਲੇ ਲੋਕ ਆਪਣੀ ਭਗਤੀ ਤੇ ਆਪਣੇ ਹੀ ਮਿਸਾਲੀ ਜੀਵਨ ਦੀ ਮਿਸਾਲ ਕਾਇਮ ਕਰਕੇ, ਨਾਮਧਾਰੀ ਕਾਡਰ ਪੈਦਾ ਕੀਤਾ। ਫੇਰ ਕਿਵੇਂ ਇਸ ਸਮਾਨਅੰਤਰ ਰਾਜ ਪ੍ਰਬੰਧ ਵਰਗੀ ਨਾਮਿਲਵਰਤਣ ਲਹਿਰ ਤੇ ਅੰਗਰੇਜ਼ੀ ਜਾਬਰਾਂ ਨੇ ਜ਼ੁਲਮ ਕੀਤੇ। ਇਸ ਤਰ੍ਹਾਂ ਪੁਰਅਮਨ ਲਹਿਰ ਨੂੰ ਖ਼ੂਨੀ ਜਬਰ ਨਾਲ ਕੁਚਲਣਾ ਚਾਹਿਆ। ਪਰ ਕੂਕਾ ਸ਼ਹੀਦਾਂ ਨੇ ਦੁਨੀਆਂ ਭਰ ਚੋਂ ਅਨੋਖੀਆਂ ਤੇ ਮਿਸਾਲੀ ਸ਼ਹੀਦੀਆਂ ਪਾ ਕੇ ਇਸ ਜਬਰ ਤੋਂ ਅੱਗੋਂ ਪ੍ਰਸ਼ਨ ਚਿੰਨ ਲਾ ਦਿੱਤਾ। ਫਿਰ ਕਿਵੇਂ ਅੰਗਰੇਜ਼ਾਂ ਗੁਰੂ ਰਾਮ ਸਿੰਘ ਨੂੰ ਜਲਾਵਤਨ ਕੀਤਾ। ਇਸ ਅਜ਼ਾਦੀ ਲਹਿਰ ਦੀ ਲਹੂ ਵੀਟਵੀਂ ਜਦੋਂ ਜਹਿਦ ਨੇ ਹੌਸਲੇ ਤੇ ਦਰਿੜਤਾ ਦੀ ਐਸੀ ਸ਼ਮ੍ਹਾਂ ਜਗਾ ਦਿੱਤੀ ਜਿਸ ਤੋਂ ਭਗਤ ਸਿੰਘ ਸ਼ਹੀਦੇ ਆਜ਼ਮ ਵੀ ਪਰਭਾਵਤ ਹੋਏ। ਜੋ ਹਿੰਦਸਤਾਨ ਦੀ ਅਜ਼ਾਦੀ ਲੜਾਈ ਦਾ ਅਧਾਰ ਵੀ ਬਣੀ। ਇਸ ਸ਼ਕਲ ਵਿਚ ਕਿ ਪੁਰਅਮਨ ਜਦੋ ਜਹਿਦ ਅਜ਼ਾਦੀ ਲਈ ਹਥਿਆਰ ਬਣ ਗਈ। ਆਪ ਇਸ ਦਾ ਝੰਡਾ ਮਜ਼ਬੂਤੀ ਨਾਲ ਪਕੜ ਕੇ ਇਸ ਵਿਚਾਰਧਾਰਾ ਦਾ ਚਾਨਣ ਮੁਨਾਰਾ ਹੋ ਗਏ ਹੋ।

ਪ੍ਰੀਤਮ ਸਿੰਘ ਪੰਧੇਰ
ਮੋ. ਫੋ. ੯੮੧੪੮-੩੨੯੪੮

ਵਰਿਆਮ ਵਿਚ ਛਪਦੀਆਂ ਕਵਿਤਾਵਾਂ ਧਾਰਮਿਕ ਰੁਚੀਆਂ ਦੀ ਤਰਜਮਾਨੀ ਕਰਦੀਆਂ ਹਨ। ਚਰਨ ਸੀਚੇਵਾਲਵੀ ਵੱਲੋਂ ਚੋਣਵੇਂ ਸ਼ਿਅਰ ਸਲਾਹੁਣਯੋਗ ਹਨ।

—ਨਵਰਾਹੀ ਘੁਗਿਆਣਵੀ
ਨਹਿਰ ਨਜ਼ਾਰਾ ਨਵਾਂ ਹਰਿੰਦਰ ਨਗਰ,
ਫ਼ਰੀਦਕੋਟ 151203

ਦਸੰਬਰ ੦੭ ਦਾ ਵਰਿਆਮ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਤੁਹਾਡਾ ਸੰਪਾਦਕੀ ਵੀ ਚੰਗਾ ਤੇ ਨਾਮਧਾਰੀ ਹਾਕੀ ਖਿਡਾਰੀਆਂ ਵਾਲਾ ਸਰਵਰਕ ਵੀ ਖ਼ੂਬ ਹੈ। ਜਿਥੇ ਇਹ ਮਨਮੋਹਕ ਹੈ ਓਥੇ ਇਹ ਰੂਹ ਨੂੰ ਖੇੜਾ ਵੀ ਬਖਸਦਾ ਹੈ ਕਿ ਨਾਮਧਾਰੀ ਹਾਕੀ ਖਿਡਾਰੀਆਂ ਨੇ ਭਾਰਤੀ ਗੁਆਚੀ ਹੋਈ ਹਾਕੀ ਨੂੰ ਮੁੜਕੇ ਲੈਅ-ਬੱਧ ਕੀਤਾ ਹੈ। ਇਸ ਲਈ ਨਾਮਧਾਰੀ ਹਾਕੀ ਖਿਡਾਰੀਆਂ ਨੂੰ ਮੇਰਾ ਪ੍ਰਨਾਮ ਤੇ ਇਨ੍ਹਾਂ ਦੀ ਹਾਕੀ ਨੂੰ ਵੀ ਪ੍ਰਨਾਮ। ਹੁਣੇ ਹੁਣੇ ਇਨ੍ਹਾਂ ਨੇ ਇਕ ਹੋਰ ਟੂਰਨਾਮੈਂਟ ਵੀ ਜਿੱਤਿਆ ਹੈ। ਉਸ ਲਈ ਵੀ ਇਨ੍ਹਾਂ ਨੂੰ ਸ਼ਾਬਾਸ਼ ਤੇ ਇਨ੍ਹਾਂ ਦੇ ਕੋਚ ਨੂੰ ਵੀ। ਜੇ ਕਿਤੇ ਇਸ ਸਾਰੀ ਨਾਮਧਾਰੀ ਟੀਮ ਨੂੰ ਉਲੰਪਕ ਵਿਚ ਭੇਜ ਦਿੱਤਾ ਜਾਏ ਤਾਂ ਇਹ ਆਸਟ੍ਰੇਲੀਆ ਅਤੇ ਜਰਮਨੀ ਵਰਗੀਆਂ ਤਕੜੀਆਂ ਟੀਮਾਂ ਨੂੰ ਵੀ ਹਰਾ ਸਕਦੀ ਹੈ ਇਸ ਤਰ੍ਹਾਂ ਦਾ ਮੇਰਾ ਵਿਸ਼ਵਾਸ ਹੈ। ਵਾਹੇਗੁਰੂ ਇਨ੍ਹਾਂ ਨੂੰ ਹੋਰ ਵੀ ਚੜ੍ਹਦੀ ਕਲਾ ਬਖਸ਼ੇ। ਕੁਹਾੜੇ ਦਾ ਦਲੀਆਂ (ਰੂੱਸੀ ਪਰੀ ਕਹਾਣੀ), ਇੰਦਰਜੀਤ ਹਸਨਪੁਰੀ ਦਾ ਗੁੱਸਾ, ਮਾਸਟਰ ਅਮਰੀਕ ਸਿੰਘ ਦਾ 'ਮੇਰੀ ਪਹਿਲੀ ਪਾਕਿਸਤਾਨ ਯਾਤਰਾ-੫ ਆਦ ਰਚਨਾਵਾਂ ਵੀ ਚੰਗੀਆਂ ਲੱਗੀਆਂ। ਇਹ ਵੀ ਵਧਾਈ ਦੇ ਹਕਦਾਰ ਹਨ। ਤੁਹਾਨੂੰ, ਸਮੂਹ ਪ੍ਰਵਾਰ ਤੇ ਵਰਿਆਮ ਸਨੇਹੀਆਂ ਨੂੰ ਫਤਿਹ ਪ੍ਰਵਾਨ ਹੋਵੇ। ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਨਾਲ।

—ਚਰਨ ਸਿੰਘ ਸੀਚੇਵਾਲਵੀ



ਸਾਵਨ ਕਵੀ ਦਰਬਾਰ ਸਮੇਂ ਪੰਜਾਬੀ ਕਵੀ ਸਭਾ ਰਜਿ. ਜਲੰਧਰ (ਪ੍ਰਧਾਨ ਸ. ਸੰਤੋਖ ਸਿੰਘ ਸਫਰੀ) ਵੱਲੋਂ ਪ੍ਰਸਿੱਧ ਚਿਤਰਕਾਰ ਸੁਖਵੰਤ ਸਿੰਘ ਨੂੰ ਸਨਮਾਨਤ ਕਰਦੇ ਹੋਏ ਪੰਜਾਬ ਦੇ ਸੀਨੀਅਰ ਮੰਤਰੀ ਸ੍ਰੀ ਮਨੋਰੰਜਨ ਕਾਲੀਆ



ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ (ਸਰਸਾ) ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੁਖਦੇਵ ਸਿੰਘ ਜੀ ਸੰਧੂ ਨੂੰ ਪਿਛਲੇ ਦਿਨੀਂ ਕੇਂਦਰੀ ਯੋਜਨਾ ਰਾਜ ਮੰਤਰੀ ਐਮ. ਵੀ. ਰਾਜਾ ਸ਼ੇਖਰਨ ਦੁਆਰਾ ਇੰਦਰਾ ਗਾਂਧੀ ਦੇ ਜਨਮ ਦਿਨ ਦੀ ੯੭ਵੀਂ ਵਰ੍ਹੇ-ਗੰਢ ਦੇ ਮੌਕੇ 'ਤੇ ਇੰਦਰਾ ਗਾਂਧੀ ਸਦਭਾਵਨਾ ਅਵਾਰਡ ਨਾਲ ਨਿਵਾਜਿਆ ਗਿਆ।

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75 January 2008

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289